੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸਨਮਾਨ ਯੋਗ, ਵਿੱਦਯਾ ਭੂਸ਼ਣ, ਬਜ਼ੁਰਗੋ ਅਤੇ ਕ੍ਰਿਪਾਲੂ ਸੱਜਣੋਂ!

ਭਾਵੇਂ ਇਸ ਵੇਲੇ ਇਸ ਸਭਾ ਵਿੱਚ ਵੱਡੇ ੨ ਵਿਦਵਾਨ, ਮੰਨੇ ਪ੍ਰਮੰਨੇ ਵੈਦ ਅਤੇ ਹਕੀਮ, ਸਰਬ ਗੁਣ ਸੰਪੰਨ ਬਹੁਤ ਸਾਰੇ ਸੱਜਣ ਸੁਭਾਇਮਾਨ ਹੋ ਰਹੇ ਹਨ ਜਿਨ੍ਹਾਂ ਦੇ ਸਾਹਮਣੇ ਅਲਪ ਬੁਧੀ ਦਾਸ ਦਾ ਖੜੇ ਹੋ ਕੇ ਵਯਾਖਯਾ ਕਰਨਾਂ ਬਾਲਕ ਪਣ ਹੀ ਹੈ ਪਰ ਜਿਸ ਤਰਾਂ ਬਜ਼ੁਰਗਾਂ ਵਲੋਂ ਸਦਾ ਹੀ ਬਾਲਕਾਂ ਨੂੰ ਉਭਾਰਨ ਵਾਸਤੇ ਉਤਸਾਹ ਦਿੱਤਾ ਜਾਂਦਾ ਹੈ ਏਸੇ ਤਰਾਂ ਹੀ ਕੁਝ ਕ੍ਰਿਪਾਲੂ ਸੱਜਣਾਂ ਵਲੋਂ ਦਾਸ ਨੂੰ ਪ੍ਰੇਰਕੇ ਉਤਸ਼ਾਹ ਦਿੱਤਾ ਗਿਆ ਕਿ ਦਾਸ ਭੀ ਕੁਝ ਬੇਨਤੀ ਕਰੇ ਜੋ ਸੀ ਭੀ ਜ਼ਰੂਰੀ ਕਿ ਅਜੇਹੀ ਕਾਨਫਰੰਸ ਪੰਜਾਬ ਦੇਸ਼ ਦੇ ਕੇਂਦ੍ਰ ਅਸਥਾਨ ਵਿੱਚ ਬੇਅੰਤ ਪੰਜਾਬੀ ਭਰਾਵਾਂ ਦੀ ਇਕੱਤ੍ਰਤਾ ਵਿੱਚ ਹੋਵੇ ਪਰ ਜੇ ਕੋਈ ਵਯਾਖਯਾ ਪੰਜਾਬੀ ਭਾਸ਼ਾ ਵਿੱਚ ਨਾਂ ਹੋਵੇ ਤਦ ਵੱਡੀ ਘਾਟੇ ਵੰਦੀ ਗੱਲ ਹੈ, ਸੋ ਆਸ ਹੈ ਬਜ਼ੁਰਗ ਸੱਜਣ ਏਨ੍ਹਾਂ ਵਿਚਾਰਾਂ ਅਨੁਸਾਰ ਦਾਸ ਦੀ ਬੇਨਤੀ ਪੂਰੇ ਧਿਆਨ ਨਾਲ ਸੁਣਨਗੇ ਤੇ ਵਿਚਾਰ ਯੋਗ ਬਾਤਾਂ ਤੇ ਪੂਰੀ ਵਿਚਾਰ ਰਖਦੇ ਹੋਏ ਦਾਸ ਦੀਆਂ ਭੁਲਾਂ ਨੂੰ ਖਿਮਾਂ ਕਰਨ ਗੇ।

ਕ੍ਰਿਪਾਲੂ ਸੱਜਣੋਂ! ਸ੍ਵਦੇਸ਼ ਦੀ ਦਸ਼ਾ ਤੇ ਵਿਚਾਰ ਕਰਨ ਵਾਲੇ ਵਿਸ਼ੇਸ਼ ਕਰਕੇ ਇਤਹਾਸ ਦੇ ਜਾਣੂ ਵਿਦਵਾਨ ਸੱਜਣ ਇਹ ਚੰਗੀ ਤਰਾਂ ਜਾਣਦੇ ਹਨ ਕਿ

ਜਦ ਤੋਂ ਸਾਡੇ ਮਹਾਂਦੇਸ਼ ਭਾਰਤ ਵਰਸ਼ ਦੇ ਸੌਭਾਗਯ ਦਾ ਨਿਹਕਲੰਕ ਸੂਰਯ ਅਸਤਾਚਲ ਵਿੱਚ ਅਸਤ ਹੋਇਆ ਹੈ, ਜਦ ਤੋਂ ਭਾਰਤ ਲੱਛਮੀ ਨੇ ਅੰਨਯ ਦੇਸ਼ਾਂ ਵੱਲ ਦੀ ਚਾਲ ਫੜ ਕੇ ਭਾਰਤ ਵਾਸੀਆਂ ਵੱਲੋਂ ਮੂੰਹ ਮੋੜਿਆ ਹੈ, ਜਦ ਤੋਂ ਭਾਰਤ ਭੂਮੀ ਵਿੱਚ ਵੱਸਣ ਵਾਲਿਆਂ ਦੇ ਆਚਰਨ ਗਿਰਨ ਦੇ ਕਾਰਨ ਪਰਤਾਪ ਘਟਿਆ ਤੇ ਉੱਪਰਥਲੀ ਦੂਜੇ ਦੇਸਾਂ ਦੇ ਲੋਕਾਂ ਦੇ ਹੱਲਿਆਂ, ਮੁਕਾਬਲੇ. ਅਤੇ ਮੇਲ ਜੋਲ ਨਾਲ ਆਤਮ ਵਿਚਾਰ ਵੱਲੋਂ ਵਿਚਾਰਾਂ ਨੇ ਪਲਟਾ ਖਾਧਾ ਹੈ ਤਦ ਤੋਂ ਹੀ ਭਾਰਤ ਵਰਸ਼ ਦੀ ਰਾਜ ਨੀਤੀ, ਸਭਾ ਨੀਤੀ, (ਮੇਲ ਮਿਲਾਪ ਦੀ ਮ੍ਰਯਾਦਾ) ਅਤੇ ਧਰਮ ਨੀਤੀ ਵਿੱਚ ਉਲਟ ਪੁਲਟ ਹੋਇਆ ਹੈ। ਜਦ ਤੋਂ ਭਰਾਤ੍ਰੀ ਭਾਵ, ਜਤ, ਸਤ, ਦਯਾ, ਖਿਮਾਂ, ਸੀਲ, ਸੰਤੋਖ ਆਦਿ ਗੁਣ ਜੋ ਭਾਰਤ ਵਾਸੀਆਂ ਵਿੱਚ ਵਿਸ਼ੇਸ਼ਤਾ ਨਾਲ ਪਾਏ ਜਾਂਦੇ ਸਨ ਨਸ਼ਟ ਜੇਹੇ ਹੋ ਗਏ ਹਨ ਤੇ ਆਪਾ ਧਾਪ, ਫੁਟ ਫਿਰਕੇ ਬੰਦੀ, ਪਖ੍ਯਪਾਤ, ਸੁਾਰਥਾਂ ਤੇ ਵਿਸ਼ੇ ਵਿਕਾਰਾਂ ਦਾ ਵਾਧਾ ਹੋਇਆ ਹੈ ਤਦ ਤੋਂ ਹੀ ਭਾਰਤ ਵਰਸ਼ ਦੇ ਵਿਗਯਾਨ ਸ਼ਾਸਤ੍ਰ ਭੀ ਗੁੰਮ ਜੇਹੇ ਹੋ ਗਏ ਹਨ, ਅਤੇ ਓਹਨਾਂ ਦੇ ਨਾਲ ਹੀ ਭਾਰਤ ਦਾ ਅਨਮੋਲ ਰਤਨ ਅਤੇ ਸੰਪੂਰਨ ਸੰਸਾਰ ਭਰ ਦੇ ਮਾਨਨੀਯ ਸਾਡੇ ਚਕਿਤਸਾ ਸ਼ਾਸਤ੍ਰ (ਵੈਦਕ ਦੇਸੀ ਹਿਕਮਤ ਵਿੱਦਯਾ ਆਯੁਰਵੇਦ ਦੇ ਮੰਨੇ ਪ੍ਰਮੰਨੇ ਗ੍ਰੰਥ) ਭੀ ਅਤੀ ਮੰਦ ਦਸ਼ਾ ਨੂੰ ਪਹੁੰਚ ਗਏ ਹਨ। ਪਰ ਹੁਣ ਸੁਖ, ਸ਼ਾਂਤੀ, ਅਮਨ ਦਾ ਰਾਜ ਪ੍ਰਾਪਤ ਹੋਣ ਕਰਕੇ ਪੁਰਾਤਨ ਉੱਚ ਵਿੱਦਯਾਂ ਵੱਲ ਦੇਸ਼ ਹਿਤਕਾਰੀਆਂ ਦਾ ਰੁਖ਼ ਫੇਰ ਝੁਕਾਉ ਹੋ ਰਿਹਾ ਹੈ!

ਜੋ ਦੇਸ਼ ਦੀ ਉੱਨਤੀ ਅਰ ਰਾਜਾ ਪਰਜਾ ਦੀ ਭਲਾਈ ਦੇ ਵਾਧੇ ਦੇ ਲੱਛਣ ਹਨ॥

ਸਨਾਤਨ ਭਾਰਤੀ ਰਾਜੇ ਅਰ ਭਾਰਤੀ ਸਭ੍ਯਤਾ ਦੇ ਸਮੇਂ ਦੇਸ਼ਵਿੱਚ ਸੰਪੂਰਨ ਸ੍ਵਦੇਸ਼ੀ ਵਿਦਯਾਦੀ ਸਭਤਰਾਂ ਨਾਲ ਉੱਨਤੀ ਸੀ, ਵਿਸ਼ੇਸ਼ ਕਰਕੇ "ਸ੍ਵਦੇਸ਼ੀ ਚਿਕਿਤਸਾ ਦੀ ਵਿ ਯਾ" ਨਾਲ ਤਾਂ ਏਥੋਂ ਤਕ ਪਿਆਰ ਸੀ ਕਿ ਰਾਜ ਭਵਨ ਦੇ ਰਸੋਈਏ ਅਰ ਘਰ ਬਾਹਰ ਦੇ ਸਾਥੀ ਭੀ ਸ੍ਵਦੇਸ਼ੀ ਹਿਕਮਤ ਦੇ ਨਿਯਮਾਂ ਤੋਂ ਚੰਗੇ ਜਾਣੂ ਸਨ, ਜੋ ਪੁਰਾਣੇ ਗ੍ਰੰਥ ਦੇਖਣ ਤੇ ਅੱਜ ਭੀ ਪਤਾ ਲਗਦਾ ਹੈ, ਜੈਹਾ ਕਿ ਅਸ਼ਟਾਂਗ ਹ੍ਰਿਦਯ (ਬਾਗਭਟ ਸੰਹਿਤਾ) ਦੇ ਸੂਤ੍ਰ ਅਸਥਾਨ ਵਿੱਚ ਦਸਿਆ ਹੈ ਕਿ:—"ਵਿਖ ਮਿਲੇ ਚਾਵਲ ਪਤਲੇ ਜੇਹੇ ਤਾਰਾਂ ਵਾਲੇ ਹੋ ਜਾਂਦੇ ਹਨ ਅਤੇ ਚਿਰਕੇ ਰਿੱਝਦੇ ਹਨ, ਤਾਜ਼ੇ ਰਿੱਝੇ ਹੋਏ ਬੇਹੇ ਭੱਤ ਦੀ ਤਰਾਂ, ਥਾਲੀ ਵਿਚ ਪਾਏ ਮੋਰ ਦੇ ਕੰਠ ਦੀ ਤਰਾਂ ਲੀਕਾਂ ਪ੍ਰਤੀਤ ਹੋਣੀਆਂ, ਬੱਝਾ ਜੇਹਾ ਧੂੰਆਂ ਉੱਠਣਾਂ, ਤੇਲ ਵਿਚ ਪਾਣੀ ਦੀ ਬੂੰਦ ਪੈਣ ਜੇਹੀ ਸ਼ਕਲ ਦਿੱਸਣੀ। ਏਸੇ ਤਰਾਂ ਹੋਰ ਹਰਤਰਾਂ ਦੇ ਭੋਜਨ ਦੀਆਂ ਚੀਜਾਂ ਤਿਆਰ ਹੁੰਦੇਸਾਰ ਹੀ ਸੁੱਕ ਜਾਂਦੀਆਂ ਹਨ, ਮੈਲੀ ਜੇਹੀ ਰਸਾ, ਮੰਦੀ ਸ਼ਕਲ, ਅਰ ਭੈੜੀ ਬੂ ਪ੍ਰਤੀਤ ਹੋਣ ਲੱਗ ਜਾਂਦੀ ਹੈ। ਸਲੂਣੀਆਂ ਚੀਜਾਂ ਵਿਚ ਜੇ ਜ਼ਹਰ ਮਿਲਿਆ ਹੋਵੇ ਤਦ ਉਭਰੀਆਂ ਜੇਹੀਆਂ ਲੀਕਾਂ ਬੁਲਬੁਲਿਆਂ ਦੀ ਤਰਾਂ ਹੁੰਦੀਆਂ ਹਨ। ਸਾਗ ਭਾਜੀ ਵਿੱਚ ਜ਼ਹਰ ਮਿਲੇ ਤਦ ਓਹ ਖਿੰਡੇ ਜੇਹੇ, ਬਦਬੂਦਾਰ, ਕਰੂਪ, ਬੇ ਰਸ ਤੇ ਸੜੇ ਤੁੱਕੇ ਪ੍ਰਤੀਤ ਹੁੰਦੇ ਹਨ। ਮਾਸ ਦੀ ਤਰੀ ਵਿੱਚ ਨੀਲੀਆਂ ਧਾਰੀਆਂ, ਦੁਧ ਵਿਚ ਤਾਂਬੇ ਰੰਗੀਆਂ ਧਾਰੀਆਂ, ਦਹੀਂ

ਵਿਚ ਕਾਲੀ ਭਾਹ ਦੀਆਂ, ਦਹੀਂ ਦੀ ਲੱਸੀ ਵਿੱਚ ਪੀਲੀਆਂ, ਘਿਉ ਵਿਚ ਪਾਣੀ ਦੀ ਤਰਾਂ ਧਾਰੀਆਂ ਹੁੰਦੀਆਂ ਹਨ, ਸ਼ਰਾਬ ਵਿਚ ਕਾਲੀਆਂ ਧਾਰੀਆਂ, ਸ਼ਹਦ ਵਿੱਚ ਸਬਜ਼, ਤੇਲ ਵਿਚ ਥੋਹੜੇ ਲਾਲ ਰੰਗ ਦੀਆਂ, ਅਤੇ ਜਲ ਵਿਚ ਭੀ ਕਾਲੇ ਰੰਗ ਜੇਹੀਆਂ ਧਾਰੀਆਂ ਦੇਖਕੇ ਹੀ ਪਤਾ ਲੱਗ ਜਾਂਦਾ ਹੈ ਕਿ ਏਸ ਅੰਨ ਜਲ ਭੋਜਨ ਆਦਿ ਵਿਚ ਜ਼ਹਰ ਮਿਲਿਆ ਹੈ ਆਦਿਕ, ਜਿਸਨੂੰ ਪੁਰਾਤਨ ਰਾਜ ਭਵਨ ਦੇ ਰਸੋਈਏ ਭੀ ਚੰਗੀਤਰਾਂ ਜਾਣਦੇ ਸਨ, ਪਰ ਹੁਣ ਦੇ ਚਿਕਿਤਸਕ ਭੀ ਅਗਜਾਨ ਹਨ। ਏਸੇ ਤਰਾਂ ਵਿਗੜੇ ਹੋਏ ਤੇ ਜ਼ਹਰੀਲੇ ਹੋ ਗਏ ਅੰਨ ਜਲ ਵਾਯੂ ਆਦਿਕਾਂ ਦੀ ਪ੍ਰੀਖਜਾ ਦੇ ਜੇਹੇ ਸਾਧਾਰਨ ਤੇ ਸੁਖਾਲੇ ਨਿਯਮ ਤੇ ਗੂਹੜੇ ਭੇਦ ਸੁਦੇਸ਼ੀ ਚਿਕਿਤਸਾ ਵਿਚ ਹਨ ਸੋ ਅੱਜ ਤਕ ਭੀ ਹੋਰ ਉੱਨਤੀ ਦੇ ਸਿਖਰ ਪੰਹੁਚੀਆਂ ਵਿੱਦਜਾ ਵਿਚ ਨਹੀਂ ਹਨ, ਜੇਹਾ ਕਿ ਸ੍ਰੀ ਧਨੰਤ੍ਰ ਜੀ ਮਹਾਰਾਜ ਜੀ ਨੇ ਸੁਸ੍ਰੁਤ ਸੰਹਿਤਾ ਦੇ ਕਲਪ ਅਸਥਾਨ ਵਿੱਚ ਕਥਨ ਕੀਤਾ ਹੈ। ਉਸ ਸਮੇਂ ਸੰਪੂਰਣ ਵਿਦਜਾ ਦੀ ਆਭਾ: ਭਾਰਤ ਵਰਸ਼ ਦੀ ਦਮਕ, ਸੰਪੂਰਣ ਸੰਸਾਰ ਭਰ ਨੂੰ ਆਪਣਾ ਪ੍ਰਕਾਸ਼ ਦੇ ਰਹੀ ਸੀ, ਤਦੋਂ ਭਾਰਤ ਵਰਸ਼ ਦਾ ਚਿਕਿਤਸਾ ਸ਼ਾਸਤ੍ਰ ਭੀ ਸਾਰੇ ਸੰਸਾਰ ਦੇ ਚਿਕਿਤਸਾ ਸ਼ਾਸਤ੍ਰਾਂ ਨਾਲੋਂ ਮਹਾਨ-ਉੱਨਤਿ ਸਰਬਗੁਣ ਭਰਪੂਰ, ਸ੍ਰੇਸ਼ਟ, ਅਤੇ ਭਾਰਤ ਸੰਤਾਨ ਦੀ ਅਰੋਗਜਤਾ ਦੀ ਰਖਜਾ ਦਾ ਮਹਾਂਨ ਆਸਰਾ ਸਮਝਿਆ ਜਾਂਦਾ ਸੀ, ਅਰ ਹਰ ਇੱਕ ਭਾਰਤ ਵਾਸੀ ਏਸਦੇ ਨਿਯਮਾਂ ਤੋਂ ਜਾਣੂੰ ਸੀ। ਅਖਾਵਤ ਹੈ ਕਿ "ਸਤਿਜੁਗ, ਦ੍ਵਾਪਰ, ਤ੍ਰੇਤਾ, ਏਨਾਂ ਤਿੰਨਾਂ ਜੁਗਾਂ ਵਿਚ ਕੋਈ ਪ੍ਰਾਣੀ

ਰੋਗੀ ਹੀ ਨਹੀਂ ਹੁੰਦਾ ਸੀ" ਇਸਦਾ ਕਾਰਨ ਪ੍ਰਤੱਖ ਹੈ ਕਿ ਸਾਰੇ ਲੋਕ ਏਹਨਾਂ ਅਰੋਗਜਤਾ ਦੇ ਨਿਯਮਾਂ ਤੋਂ ਗਜਾਨ ਵਾਨ ਸਨ ਤੇ ਵਰਤੋਂ ਵਿਚ ਰੱਖਦੇ ਸਨ। ਨਾਂ ਮਿਥਜਾ ਅਹਾਰ ਵਿਹਾਰ ਹੋਵੇ ਤੇ ਨਾਂ ਦੋਖ ਵਿਗੜ ਕੇ ਰੋਗ ਹੋ ਸੱਕਣ। ਸ੍ਵਦੇਸੀ ਚਿਕਿਤਸਾ ਸ਼ਾਸਤ੍ਰ ਅਰਥਾਤ ਆਯੁਰਵੇਦ ਦੀ ਵੰਡ ਅੱਠ ਹਿਸਿਆਂ ਵਿੱਚ ਕੀਤੀ ਹੋਈ ਹੈ ਜਿਸ ਵਿੱਚੋਂ ਪਹਲਾ ਅੰਗ ਅਰਥਾਤ ਹਿੱਸਾ:—

੧—ਸ਼ਲਯ ਤੰਤ੍ਰ (SURGERY ਜੱਰਾਹੀ) ਹੈ। ਸੁਸ੍ਰੁਤ ਦੇ ਮਤ ਅਨੁਸਾਰ ਇਹੋ ਚਕਿਤਸਾ ਦਾ ਪਹਲਾ ਅੰਗ ਹੈ, ਆਯੁਰਵੇਦੀਯ ਸ਼ਾਸਤ੍ਰਾਂ ਵਿੱਚ ਸ਼ਲਯ ਤੰਤ੍ਰ ਅਰਥਾਤ ਚੀਰਨ, ਪਾੜਨ, ਸ਼ਿਰਾ ਵੇਧਨ, ਦਾਹ ਕਰਮ ਆਦਿ ਦੁਵਾਰਾ ਰੋਗਾਂ ਦੇ ਇਲਾਜ ਕਰਨ ਦੇ ਵਿਸਥਾਰ ਨਾਲ ਸਾਧਨ ਦੱਸੇ ਹੋਏ ਹਨ ਅਤੇ ਤਾਲਯੰਤ੍ਰ, ਨਾੜੀ ਯੰਤ੍ਰ, ਅਰਸ਼ੋ ਯੰਤ੍ਰ, ਵਸਤੀ ਯੰਤ੍ਰ ਸ਼ਲਾਕਾਯੰਤ੍ਰ, ਨਾੜੀਬ੍ਰਣਖਾਲਨਯੰਤ੍ਰ, ਬ੍ਰਣਪ੍ਰਖਾਲਨ ਯੰਤ੍ਰ, ਅੰਗੁਲੀ ਤ੍ਰਾਣ ਯੰਤ੍ਰ, ਕੰਕ ਮੁਖ, ਸਿੰਹ, ਰਿਖਜ, ਕਾਕ, ਜਰਖ, ਵਜਾਘ੍ਰ, ਸ੍ਵਾਨ, ਭ੍ਰਿੰਗ ਰਾਜ, ਵ੍ਰਿਕਮੁਖ ਯੰਤ੍ਰ, ਗਰਭ ਸ਼ੰਕੁ ਯੰਤ੍ਰ, ਅਸ਼ਮਰੀ ਹਰਣ ਯੰਤ੍ਰ। ਛੇਦਨ ਸ਼ਸਤ੍ਰ, ਦੰਤ ਲੇਖਨ ਸ਼ਸਤ੍ਰ, ਸ਼ਲਾਕਾ ਸ਼ਸਤ੍ਰ, ਕਰਤਰੀ ਸ਼ਸਤ੍ਰ, ਕਰਣ ਛੇਦਨ ਸ਼ਸਤ੍ਰ, ਸੂਚੀ ਸ਼ਸਤ੍ਰ, ਮੂਢ ਗਰਭਾਹਰਣ ਯੰਤ੍ਰ, ਅਸਥੀਭਗਨ ਸ਼ਸਤ੍ਰ, ਮੂਢ ਗਰਭ ਵਿਭੇਦਕ ਸ਼ਸਤ੍ਰ, ਸ਼ਿਰਭੇਦਨ, ਕਰਤਾ, ਮਸਤਕ ਆਹਰਣ, ਜਲੋਦਰ ਯੰਤ੍ਰ, ਆਦਕ ਚੀਰਨ ਫਾੜਨ ਆਦਿ ਹਥਜਾਰਾਂ ਦੇ ਨਾਮ ਅਰ ਵਰਤਾਰੇ ਦੱਸੇ ਹਨ, ਕਵਿਰਾਜ ਸ੍ਰੀ ਗਣ ਨਾਥ ਸੇਨ ਐਮ. ਏ

ਐਲ. ਐਮ. ਐਸ. ਵਿੱਦਯਾ ਨਿਧ ਕਵਿ ਭੂਖਣ ਕਲਕੱਤਾ ਨਿਵਾਸੀ ਪ੍ਰਧਾਨ ਤ੍ਰਿਤੀਯ ਵੈਦਕ ਸੰਮੇਲਨ ਪ੍ਰਯਾਗ ਜੀ ਨੇ ਵਯਾਖਯਾ ਵਿੱਚ ਦੱਸਿਆ ਸੀ ਕਿ ਸੁਦੇਸ਼ੀ ਸ਼ਸਤ੍ਰ ਕ੍ਰਿਆ ਅਨੁਸਾਰ ਜਲੋਦਰ, ਪਥਰੀ ਆਦਿ ਰੋਗਾਂ ਦੇ ਉਪਾਵ ਅਸੀ ਆਪ ਕਰਕੇ ਦੇਖੇ ਹਨ। ਸ੍ਰੀਮਾਨ ਜੀ ਨੇ ਵਰਤਮਾਨ ਡਾਕਟਰੀ ਦੇ ਯੰਤ੍ਰ, ਸ਼ਸਤ੍ਰ ਸਾਹਮਣੇ ਵਿਖਾ ਵਿਖਾ ਕੇ ਤਿਹਨਾਂ ਦੇ ਨਾਮ ਪਤੇ ਆਯੁਰਵੇਦ ਸ਼ਾਸਤ੍ਰਾਂ ਵਿੱਚੋਂ ਦੱਸੇ ਭੀ ਸੁਣੇ ਗਏ ਹਨ। ਸੁਸ੍ਰਤ ਸੰਘਤਾ ਵਿੱਚ ਦਸੇ "ਸਿੰਘਾਸ੍ਯ ਯੰਤ੍ਰ" ਵਰਤਮਾਨ ਡਾਕਟਰੀ ਦੇ Lian forceps (ਲਾਇਨ ਫੋਰ ਸੈਪਸ) ਨਾਲ ਮਿਲਦਾ ਹੈ, ਵਯਾਘਰ ਮੁਖ, ਮ੍ਰਿਗ ਮੁਖ, ਮਾਰਜਾਰੀ ਮੁਖ, ਬਿੱਲੀ ਮੁਖ ਆਦਿ ਬਾਰਾਂ ਤੇਰਾਂ ਤਰਾਂ ਦੇ ਯੰਤ੍ਰ ਡਾਕਟਰੀ ਦੇ ਅੱਡ ੨ ਤਰਾਂ ਦੇ Tooth forceps (ਟੂਥ ਫੋਰ ਸੈਪਸ) ਨਾਲ ਰਲਦੇ ਹਨ। ਗ੍ਰਿਧ੍ਰਾਸ੍ਯ ਆਦਿ ਦੋ ਤਿੰਨ ਤਰਾਂ ਦੇ ਯੰਤ੍ਰ ਡਾਕਟਰੀ ਦੇ Curved Scissors (ਕਰਵਡ ਸਿਜ਼ਰਸ) ਨਾਲ ਰਲਦੇ ਹਨ। ਕੰਕਵਾਸ੍ਯ ਯੰਤ੍ਰ Scissors (ਸਿਜ਼-ਰਸ) ਨਾਲ ਰਲਦਾ ਹੈ। ਏਸੇ ਤਰਾਂ ਪੰਜ ਤਰਾਂ ਦੇ ਦੱਸੇ ਕਰ-ਤਰੀ ਯੰਤ੍ਰ ਦੇ ਪਹਲੇ ਦਾ ਡਾਕਟਰੀ ਦੇ Ortery for ceps mice toothed (ਆਰਟਰੀ ਫੋਰ ਸੈਪਸ ਮਾਈਸ ਟੂਥਡ) ਨਾਲ ਤੀਸਰਾ Throot for ceps (ਥ੍ਰੋਟ ਫੋਰ ਸੈਪਸ) ਨਾਲ ਚੌਥਾ Aligator jaw action throot for ceps (ਐਲੀ ਗੇਟਰ ਜਾਅ ਐਕਸ਼ਨ ਥ੍ਰੋਟ ਫੋਰ ਸੈਪਸ) ਨਾਲ ਅਤੇ ਪੰਜਵਾਂ Bone Pliers (ਬੋਨ ਪਲਾਇਰਸ) ਨਾਲ ਮਿਲਦਾ ਹੈ। ਏਸੇ ਤਰਾਂ ਵਿਦਵਾਨ ਸੱਜਣ ਜੋ ਵਰਤਮਾਨ ਡਾਕਟਰੀ ਨਾਲ ਸੰਬੰਧ ਰਖਦੇ ਹਨ ਖੋਜ ਪੜਤਾਲ ਕਰਕੇ ਹੋਰ ਭੀ

ਵਧੇਰਾ ਚਾਨਣਾ ਪਾ ਸਕਦੇ ਹਨ।

ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਪੁਰਾਤਨ ਸਮੇਂ ਵਿੱਚਦੱਖ ਪਰਜਾ ਪਤੀਦਾ ਕੱਟਿਆ ਹੋਯਾ ਸਿਰ ਅਸ੍ਵਨੀ ਕੁਮਾਰਸ਼ਲਯ ਯੰਤ੍ਰ ਦੇ ਪ੍ਰਸਿੱਧ ਵੈਦਾਂ ਨੇ ਜੋੜਿਆ। ਪੂਖਾ ਰਿਸ਼ੀ ਦੇ ਦੰਦ ਅਸਲੀ ਦੇ ਸਮਾਨ ਬਣਾਏ ਗਏ ਸਨ। ਨੇਤ੍ਰ ਹੀਨ ਭਗ ਰਿਸ਼ੀ ਦੇ ਨੇਤ੍ਰ ਬਣਾਏ ਗਏ। ਬ੍ਰਿਧ ਅਵਸਥਾ ਦੇ ਚਯਵਨ ਰਿਸ਼ੀ ਨੂੰ ਜਵਾਨਾਂ ਦੇ ਸਮਾਨ ਕੀਤਾ ਅਰ ਅੰਨ੍ਹੇ ਤੋਂ ਸੁਜਾਖਾ ਕੀਤਾ। ਦਾਧੀਚ ਰਿਸ਼ੀ ਦਾ ਸਿਰ ਕੁਝ ਚਿਰ ਤੱਕ ਕੱਟਕੇ ਫੇਰ ਜੋੜ ਦਿੱਤਾ, ਆਦ। ਪਰ ਸਮੇਂ ਦੇ ਫੇਰ ਅਰ ਸ਼ਲਯ ਤੰਤ੍ਰ ਸੰਬੰਧੀ ਸ਼ਸਤ੍ਰਾਂ ਦੇ ਨਸ਼ਟ ਹੋ ਜਾਵਨ ਤੇ ਅੱਜ ਸਭ ਅਣਹੋਣੀਆਂ ਗੱਲਾਂ ਪ੍ਰਤੀਤ ਹੁੰਦੀਆਂ ਹਨ।

੨-ਦੂਜਾ ਸ਼ਾਲਾਕਯ ਤੰਤ੍ਰ (Diseases of the eye ear, nose, and throat) ਨੇਤ੍ਰ, ਕੰਨ, ਨਾਸਾਂ, ਮੂੰਹ, ਗਲ ਆਦਿਕ ਰੋਗਾਂ ਵਾਸਤੇ ਏਹ ਦੂਸਰਾ ਚਿਕਿਤਸਾ ਅੰਗ ਹੈ, ਸ਼ਾਲਾਕਯ ਤੰਤ੍ਰ ਸੰਬੰਧੀ ਬਹੁਤ ਸਾਰੇ ਗ੍ਰੰਥਾਂ ਦੇ ਨਾਮ ਮਿਲਦੇ ਹਨ ਪਰ ਓਹ ਗ੍ਰੰਥ ਦੁਰਲਭ ਹੋ ਰਹੇ ਹਨ, ਪ੍ਰਮਾਣ ਮਾਤ੍ਰ ਸੁਸ੍ਰੁਤ ਆਦਿ ਗ੍ਰੰਥਾਂ ਵਿੱਚ ਮਿਲਦੇ ਹਨ ਪਰ ਸਮੇਂ ਦੇ ਪ੍ਰਭਾਵ ਅੱਜ ਦੂਸਰਿਆਂ ਦੀਆਂ ਅੱਖਾਂ ਆਦਿ ਪ੍ਰਦਾਨ ਕਰਨ ਵਾਲੇ ਬਹੁਤ ਸਾਰੇ ਓਹਨਾਂ ਦੇ ਅਸਥਾਨ ਸੰਭਾਲਨ ਦਾ ਮਾਨ ਰੱਖਣ ਵਾਲੇ ਪ੍ਰਸਿੱਧ ਵੈਦ ਭੀ ਐਨਕਾਂ ਦੇ ਗੁਲਾਮ ਬਣੇ ਹੋਏ ਹਨ।

੩-ਤੀਜਾ ਕਾਯ ਚਿਕਿਤਸਾ (Practice of Medicine) ਅਰਥਾਤ ਸਰੀਰ ਚਿਕਿਤਸਾ ਹੈ, ਇਸ ਸਮੇਂ ਵਿੱਚ ਹੋਰਨਾਂ ਧਾਮਿਆਂ ਤੋਂ ਅਧੋਗਤੀ ਨੂੰ ਪਹੁੰਚਿਆਂ

ਹੋਇਆਂ ਭੀ ਸੁਦੇਸ਼ੀ ਚਿਕਿਤਸਾ ਦੇ ਇਸ ਹਿੱਸੇ ਦੇ ਆਸਰੇ ਵੈਦਾਂ ਦਾ ਸਨਮਾਨ ਅਰ ਬੇਅੰਤ ਦੇਸ਼ ਵਾਸੀਆਂ ਦਾ ਉਪਕਾਰ ਹੋ ਰਿਹਾ ਹੈ ਜਿਸ ਦਾ ਕੁਝ ਨਮੂਨਾਂ ਅੱਗੇ ਦੱਸਿਆ ਜਾਵੇ ਗਾ।

੪—ਚੌਥਾ ਭੂਤ ਵਿੱਦਯਾ (Treatment of Mental Diseases) ਅਰਥਾਤ ਮਨ ਨਾਲ ਸੰਬੰਧ ਰੱਖਣ ਵਾਲੇ ਰੋਗਾਂ ਦੇ ਇਲਾਜ— ਵਰਤਮਾਨ ਸਮੇਂ ਵਿੱਚ "ਹਿਪਨੋਟਿਜ਼ਮ" (Hypnotism) ਅਤੇ ਸਪਿਰਚੁਯਲ ਸਾਯਨਸ (Spiritual Science) ਆਦਿ ਨਾਮ ਇਸੇ ਵਿਚੋਂ ਹੀ ਹਨ, ਜਿਸ ਦਾ ਵਧੇਰਾ ਖੁਲਾਸਾ ਹਾਲ ਪੁਸਤਕ "ਇਲਮਖ਼ਿਆਲ" ਵਿੱਚ ਚੰਗੀਤਰਾਂ ਦੱਸਿਆ ਗਿਆਹੈ।

੫—ਪੰਜਵਾਂ ਕੌਮਾਰ ਭ੍ਰਿਤ੍ਯ (Midwifery and Diseases of Children) ਜਿਸ ਵਿੱਚ ਗਰਭਾਧਾਨ ਤੋਂ ਲੈ ਕੇ ਬਾਲਕ ਦੇ ੪—੫ ਵਰਿਹਾਂ ਦੀ ਉਮਰ ਤਕ ਦੇ ਬਾਲਕ ਅਤੇ ਉਸਦੀ ਮਾਤਾ ਦੇ ਸਾਰੇ ਰੋਗਾਂ ਤੇ ਸਭਨਾਂ ਹਾਲਤਾਂ ਦੇ ਉਪਾਵ ਪੱਥ ਆਦਿ ਦੱਸੇ ਜਾਂਦੇ ਹਨ। ਇਸ ਵਿਖਯ ਤੇ ਦਾਸ ਅੱਡ ਇੱਕ ਸੰਛੇਪ ਮਾਤ੍ਰ ਪੁਸਤਕ "ਜਵਾਨ ਪ੍ਰਸੂਤਾ ਮਾਤਾ ਪ੍ਰਬੋਧ" ਡੂਢ ਕੁ ਸੌ ਸਫ਼ੇ ਦੀ ਲਿਖ ਚੁਕਾ ਹੈ ਜੋ ਪਿਛਲੇ ਮਾਰਚ ਵਿਚ ਛਪ ਕੇ ਪ੍ਰਕਾਸ਼ਤ ਹੋ ਚੁਕੀ ਹੈ। ਇਸ ਸੰਬੰਧੀ 'ਕੁਮਾਰ-ਤੰਤ੍ਰ' 'ਬਾਲ ਤੰਤ੍ਰ' ਆਦਿ ਕਈ ਪੁਸਤਕ ਵਰਤਮਾਨ ਹਨ।

੬—ਛੇਵਾਂ ਅਗਦ ਤੰਤ੍ਰ (Toxicalogy) ਜਿਸ ਵਿੱਚ ਸਜੀਵ ਤੇ ਨਿਰਜੀਵ ਵਿਖਾਂ ਦੇ ਪੂਰਣ ਬ੍ਰਿਤਾਂਤ, ਲੱਛਨ, ਉਪਾਵ ਆਦਿ ਦੱਸੇ ਜਾਂਦੇ ਸਨ। ਇਸ ਸੰਬੰਧੀ ਅਜੇ ਤਕ ਭੀ ਵਰਤਮਾਨ ਸੁਦੇਸ਼ੀ ਚਿਕਿਤਸਾ ਸ਼ਾਸਤ੍ਰਾਂ

ਵਿੱਚ ਅਤੀ ਉੱਤਮ ਵਜਾਖਜਾ ਤੇ ਉਪਾਵ ਆਦਿਕ ਮਿਲਦੇ ਹਨ ਜਿਸਦਾ ਕੁਝ ਨਮੂਨਾਂ ਆਪ ਸੁਣ ਚੁਕੇ ਹੋ।

੬-ਸੱਤਵਾਂ ਰਸਾਯਨ ਤੰਤ੍ਰ ਹੈ, ਇਸ ਹਿੱਸੇ ਵਿੱਚ ਬਿਰਧ ਅਵਸਥਾ ਸੰਬੰਧੀ ਰੋਗਾਂ ਨੂੰ ਦੂਰ ਕਰਨ ਦੇ ਉਪਾਵ ਆਦ ਦੱਸੇ ਗਏ ਹਨ, ਏਸ ਵਿਸ਼ਯ ਸੰਬੰਧੀ ਭੀ ਅਜੇ ਤਕ ਸੁਦੇਸ਼ੀ ਚਿਕਿਤਸਾ ਦੇ ਟਾਕਰੇ ਤੇ ਹੋਰ ਕੋਈ ਚਿਕਿਤਸਾ ਉੱਨਤ ਨਹੀਂ ਹੈ।

੮-ਅੱਠਵਾਂ ਬਾਜੀ ਕਰਣ ਤੰਤ-ਸ਼ੁਕ੍ਰ ਵਰਧਨ ਅਤੇ ਓਜਵਰਧਨ ਔਖਧੀਆਂ ਨੂੰ ਨਿੱਤ ਅਥਵਾ ਲੋੜ ਅਨੁਸਾਰ ਵਰਤਨ ਦੀ ਬਿਧੀ ਜਾਂ ਔਖਧੀਆਂ ਆਦਿ ਦੇ ਵਰਨਨ ਨੂੰ ਬਾਜੀ ਕਰਣ ਕਿਹਾ ਜਾਂਦਾ ਹੈ। ਏਸ ਸੰਬੰਧੀ ਭੀ ਦੇਸ਼ੀ ਔਖਧੀਆਂ ਦੇ ਟਾਕਰੇ ਤੇ ਅਜੇ ਤਕ ਭੀ ਹੋਰ ਕੋਈ ਔਸ਼ਧੀਆਂ ਨਹੀਂ ਹਨ! ਜਿੱਥੇ ਸਿੰਬਲ ਦੀ ਜੜ੍ਹ ਦਾ ਪਾਣੀ ਪੀਤਾ ਹੋਇਆ ਗਏ ਗੁਜਰੇ ਪੁਰਸ਼ਤ੍ਵ ਵਾਲਿਆਂ ਨੂੰ ਸੰਤਾਨ ਉਤਪਤੀ ਦੇ ਯੋਗ ਪੂਰੀ ਤਰਾਂ ਕਰ ਸਕਦਾ ਹੈ ਉੱਥੇ ਹਜਾਰਾਂ ਰੁਪਏ ਹੋਰ ਤਰੀਕਿਆਂ ਨਾਲ ਖਰਚ ਕਰਨ ਤੇ ਭੀ ਸਫਲਤਾ ਨਹੀਂ ਹੋ ਸਕਦੀ, ਬਾਜੀ ਕਰਣ ਔਸ਼ਧੀਆਂ ਵਿੱਚੋਂ ਅਸਗੰਧ, ਤਾਲ ਮੂਲੀ ਆਦਿ ਕਈ ਇੱਕ ਦਵਾਈਆਂ ਹੁਣ ਬਿਦੇਸੀ ਲੋਕ ਭੀ ਵਰਤਨ ਲੱਗ ਗਏ ਹਨ।

ਏਸ ਤਰਾਂ ਇਹ ਸੁਦੇਸ਼ੀ ਚਿਕਿਤਸਾ ਅਰਥਾਤ ਆਯੁਰ ਵੇਦ ਦੇ ਅੱਠ ਹਿੱਸੇ ਵੰਡ ਕੀਤੇ ਹੋਏ ਹਨ।

ਭਾਰਤ ਵਰਸ਼ ਦੀ ਸੁਦੇਸ਼ੀ ਚਿਕਿਤਸਾ ਸੰਪੂਰਣ ਹੋਰ ਚਿਕਿਤਸਾਵਾਂ ਦੀ ਮਾਤਾ ਅਤੇ ਭਾਰਤ ਸੰਤਾਨ ਦੀ ਮਾਤਾ ਸਮਾਨ ਹਿਤ ਕਰਨ ਵਾਲੀ ਮਾਤ੍ਰੀ ਚਿਕਿਤਸਾ

ਸਮਝੀ ਜਾਂਦੀ ਸੀ ਜੋ ਨਿਰਸੰਦੇਹ ਸੱਤ ਅਰ ਅਟੱਲ ਹੈ। ਪੂਰਬਲੇ ਸਮੇਂ ਵਿਚ ਸਾਡੇ ਬਜ਼ੁਰਗ ਸ੍ਵਦੇਸ਼ੀ ਚਿਕਿਤਸਾ ਦੇ ਪ੍ਰਭਾਵ ਸ਼ਰੀਰਕ ਅਤੇ ਮਾਨਸਿਕ ਅਰੋਗਜਤਾ ਪ੍ਰਾਪਤ ਕਰਕੇ ਧਰਮ, ਅਰਥ, ਕਾਮ ਅਤੇ ਮੋਖ ਦੀ ਪ੍ਰਾਪਤੀ ਤਕ ਨਿਰਵਿਘਨ ਸਫਲ ਜਨਮ ਹੁੰਦੇ ਸਨ। ਏਸੇ ਤਰਾਂ ਚਿਰ ਕਾਲ ਤਕ ਸੁਖੀ ਜੀਵਨ ਸੰਸਾਰ ਯਾਤ੍ਰਾ ਨੂੰ ਬਤੀਤ ਕਰਦੇ ਸਨ। ਏਥੋਂ ਤਕ ਕਿ ਸਾਡੇ ਦੇਸ਼ ਦੀਆਂ ਰੀਤਾਂ ਰਸਮਾਂ ਅਤੇ ਖੇਡਾਂ ਦਾ ਭੀ ਅਰੋਗਜਤਾ ਨਾਲ ਵੱਡਾ ਸੰਬੰਧ ਸੀ, ਧਾਰਮਕ ਨਿਯਮਾਂ ਵਿਚ ਅਰੋਗਜਤਾ ਦੀ ਰਾਖੀ ਦੇ ਵਰਤਾਰੇ ਮੁਖ ਰਖੇ ਹੋਏ ਪ੍ਰਤੀਤ ਦਿੰਦੇ ਹਨ। ਆਯੁਰ ਵੇਦ ਦੇ ਨਿਯਮਾਂ ਤੇ ਚੱਲਣ ਕਰਕੇ ਕਦੇ ਭੀ ਰੋਗਾਂ ਦੇ ਸੰਕਟ ਨਹੀਂ ਹੁੰਦੇ ਸਨ, ਏਸੇ ਤਰਾਂ ਇਕ ਵਾਰੀ ਰੋਗ ਤੋਂ ਛੁਟਕਾਰਾ ਪਾ ਕੇ ਫੇਰ ਰੋਗ ਦੇ ਭਯਾਨਕ ਪੰਜੇ ਵਿਚ ਨਹੀਂ ਫਸਣਾ ਪੈਂਦਾ ਸੀ। ਭਾਰਤ ਵਰਸ਼ ਦੀ ਸ੍ਵਦੇਸ਼ੀ ਚਿਕਿਤਸਾ ਪੂਰਨ ਰੂਪ ਤੇ ਮੁਕੰਮਲ ਹੋਵਨ ਤੇ ਕਿਸੇ ਹੋਰ ਪਰਦੇਸੀ ਚਿਕਿਤਸਾ ਦਾ ਆਸਰਾ ਲੈਣ ਦੀ ਲੋੜ ਹੀ ਭਾਰਤ ਵਾਸ਼ੀਆਂ ਨੂੰ ਕਦੇ ਪ੍ਰਤੀਤ ਨਹੀਂ ਹੋਈ ਦੇ ਪ੍ਰਮਾਣ ਮਿਲਦੇ ਹਨ। ਕੇਵਲ ਸ੍ਵਦੇਸ਼ੀ ਚਿਕਿ-ਤਸਾ ਦਾ ਆਸਰਾ ਲੈਣ ਅਰ ਇਸਦੇ ਕ੍ਰਮ ਅਨੁਸਾਰ ਵਰਤਨ ਤੇ ਸਭ ਤਰਾਂ ਦੇ ਰੋਗ ਛੇਤੀ ਹੀ ਸ਼ਾਂਤਿ ਹੋ ਜਾਂਦੇ ਸਨ ਕਿਉਂਕਿ ਬਿਧੀ ਅਨੁਸਾਰ ਵਰਤੀਆਂ ਹੋਈਆਂ ਸਾਧਾਰਣ ਜੜ੍ਹੀ ਬੂਟੀਆਂ ਅਚਰਜ ਗੁਣ ਅਤੇ ਅਮੋਘ ਸ਼ਕਤੀ ਸੰਪੰਨ ਹੋਵਨ ਤੇ ਪੁਰਾਣੇ, ਬਿਖੜੇ, ਭਯਾਨਕ, ਅਰ ਮਾਰੂ ਰੋਗਾਂ ਨੂੰ ਭੀ ਨਸ਼ਟ ਕਰ ਦਿੰਦੀਆਂ ਸਨ ਤੇ ਕਰਦੀਆਂ ਹਨ।

ਜਿਸ ਦੇਸ਼ ਦੇ ਜਲ ਵਾਯੂ ਆਦਿ ਤੋਂ ਸਾਡੀ ਉਤਪਤੀ ਅਤੇ ਪਾਲਨਾਂ ਹੋਈ ਅਰ ਹੋ ਰਹੀ ਹੈ ਉਸੇ ਹੀ ਜਲ ਵਾਯੂ ਆਦਿ ਤੋਂ ਉਤਪਤਿ ਤੇ ਪਲੀਆਂ ਜੜ੍ਹੀ ਬੂਟੀਆਂ ਆਦਿ ਕੁਦਰਤ ਵਲੋਂ ਹੀ ਸਾਡੇ ਸਰੀਰ ਸੁਭਾਵ ਨਾਲ ਮਿਲਦੀਆਂ ਦੇਖ ਕੇ ਹੀ ਸਿਆਣਿਆਂ ਨੇ ਸ੍ਵਦੇਸ਼ੀ ਭਾਰਤ ਵਰਸ਼ੀ ਚਿਕਿਤਸਾ ਸ਼ਾਸਤ੍ਰਾਂ ਦੀ ਰਚਨਾਂ ਸਾਡੇ ਵਾਸਤੇ ਕੀਤੀ ਸੀ। ਭਾਵੇਂ ਅੱਜ ਸਾਡੀ ਏਹ ਦਸ਼ਾ ਹੋ ਰਹੀ ਹੈ ਕਿ ਓਨਾਂ ਬੇਅੰਤ ਔਸ਼ਧੀਆਂ ਦੇ ਗਜਾਨ ਤੋਂ ਭੀ ਅਸੀਂ ਵਾਂਜੇ ਪਏ ਹਾਂ ਪਰ ਅਜੇ ਭੀ ਸ੍ਵਦੇਸ਼ੀ ਚਿਕਿਤਸਾ ਦੇ ਅਜੇਹੇ ਅਚਰਜ ਯੋਗ(ਨੁਸਖ਼ੇ)ਤੇ ਵਰਤਾਰੇ ਵਰਤੋਂ ਵਿਚ ਹਨ ਜਿਨ੍ਹਾਂ ਦੀ ਬਰਾਬਰੀ ਤਾਂ ਕਿਤੇ ਰਹੀ ਅਚਰਜਤਾ ਦੇ ਕਾਰਨਾਂ ਦੇ ਜਾਨਣ ਜਨੌਣ ਦਾ ਭੀ ਕੋਈ ਦਮ ਨਹੀਂ ਮਾਰ ਸਕਦਾ ਜੋ ਸਾਡੇ ਆਪਣੇ ਅਤੇ ਹੋਰ ਅਨੇਕਾਂ ਸ੍ਵਦੇਸ਼ੀ ਵਦਾਂ ਹਕੀਮਾਂ ਦੇ ਵਰਤਾ-ਰਿਆਂ ਵਿਚ ਨਿੱਤ ਦਿਹਾੜੇ ਅਨੇਕਾਂ ਰੋਗੀਆਂ ਦੇ ਜੀਵਨ ਸੁਖੀ ਕਰਨ ਦਾ ਸਾਧਨ ਹੋ ਰਹੇ ਹਨ। ਜੇਹਾ ਕਿ "ਔਸ਼ਧ ਸੰਗ੍ਰਹ ਕਲਪਵੱਲੀ ਦਾ ਕੌਤੂਹਲ ਜੁਲਾਬ ਦਾ ਤੇਲ" ਜਿੰਨੀਆਂ ਬੂੰਦਾਂ ਨਾਭੀ ਤੇ ਲਗਾਓ ਓਤਨੇ ਦਸਤ ਆਵਨ, ਜਿੰਨੀਆਂ ਬੂੰਦਾਂ ਗਲ ਤੇ ਅੰਨ ਵਾਲੀ ਨਾਲੀ ਦੇ ਸਾਹਮਣੇ ਲਗਾਓ ਓਨੀਆਂ ਉਲਟੀਆਂ ਆਵਨੀਆਂ। ਇੱਛਤ ਦਸਤਕਾਰਕ ਜੁਲਾਬ ਨਾਲ ਜਿੰਨੇ ਤੇ ਜੇਡੇ ੨ ਜਿਸਤਰਾਂ ਦੇ ਜਲ ਦੇ ਘੁਟ ਭਰੇ ਜਾਵਨ ਓਨੇ ਤੇ ਓਡੇ ੨ ਓਸੇਤਰਾਂ ਦੇ ਦਸਤ ਔਂਦੇ ਹਨ। ਏਹ ਜੁਲਾਬ ਸਾਡੇ "ਆਯੁਰ ਵੇਦੀਯ ਖਾਲਸਾ ਔਸ਼ਧਾਲਯ ਤਰਨ ਤਾਰਨ" ਵਿਚ ਸਭ [illegible]

ਰਹਿੰਦਾ ਅਤੇ ਵਰਤਜਾ ਜਾਂਦਾ ਹੈ । ਹਰੜ, ਬਹੇੜੇ, ਆਮਲਿਆਂ ਦੀਆਂ ਗਿਰੀਆਂ ਦੇ ਤੇਲ ਦੀ ਨਸਵਾਰ ਲਗਾਤਾਰ ੧ ਵਰਹੇ ਤਕ ਲੈਂਣ ਤੇ ਸਫ਼ੇਦ ਵਾਲ ਕਾਲੇ ਹੋ ਜਾਂਦੇ ਹਨ ਤੇ ਅਗੋਂ ਨੂੰ ਧੌਲੇ ਔਣੇ ਹੀ ਰੁਕ ਜਾਂਦੇ ਹਨ। ਬਿਖ ਤਥਾ ਮਿਰਚਾਂ ਆਦਿ ਉਂਗਲੀ ਤੇ ਲਗਾਵਨ ਕਰਕੇ ਵਾਰੀ ਦੇ ਤਪ ਹਟ ਜਾਣੇ, ਸਹਦੇਵੀ ਦੀ ਜੜ੍ਹ ਮ੍ਰਿਯਾਦਾ ਅਨੁਸਾਰ ਸਿਰ ਬੰਨ੍ਹਣ ਤੇ ਵਾਰੀ ਦੇ ਤਪ, ਸਫ਼ੇਦ ਜਯੰਤੀ ਦੀ ਜੜ੍ਹ ਸਿਰ ਦੇ ਵਿਚ ਬੰਨ੍ਹਣ ਤੇ ਪੁਰਾਣੇ ਤਪ ਹਟਣ, ਸਾਧਾਰਨ ਢਲ ਮ੍ਰਿਯਾਦਾ ਅਨੁਸਾਰ ਵਰਤਨ ਤੇ ਸਭ ਤਰਾਂ ਦੇ ਅਮਲ ਹਟ ਜਾਣੇਂ, ਕਾਕ ਜੰਘਾ ਜਾਂ ਮਕੋ ਦੀ ਜੜ੍ਹ ਸਿਰ ਵਿਚ ਰੱਖਣ ਨਾਲ ਨੀਂਦ ਆਵੇ, ਬੱਕਰੀ ਦੇ ਦੁਧ ਵਿਚ ਭੰਗ ਘੋਟ ਕੇ ਪੈਰਾਂ ਦੀਆਂ ਤਲੀਆਂ ਹੇਠ ਲੇਪ ਕਰਨ ਤ ਭਾਵੇਂ ਕਿਹਾ ਦੁਖ ਹੋਵੇ ਭਰਵੀਂ ਨੀਂਦ ਆ ਜਾਣੀਂ ! ਛੀਸ਼ਾ ਲੂਣ ਜਲ ਵਿਚ ਘਸਾ ਕੇ ਚਾਰ ਪੰਜ ਬੂੰਦਾਂ ਨਾਸਾਂ ਵਿਚ ਟਪਕਾਵਨ ਤੇ ਸਿਰ ਦਰਦ ਹਟ ਜਾਵੇ ! ਤੁੰਮੇਂ ਦੇ ਰਸ ਨੂੰ ਨੇਤ੍ਰਾਂ ਵਿਚ ਪਾਵਨ ਤੇ ਕਾਮਲਾ ਰੋਗ (ਯਰਕਾਨ) ਹਟੇ, ਤਿਲਾਂ ਦੇ ਤੇਲ ਵਿਚ ਦੇਸੀ ਲੂਣ ਮਿਲਾ ਕੇ ਦੰਦਾਂ ਤੇ ਮਲਨ ਕਰਕੇ ਦੰਦਾਂ ਦੇ ਸਾਰੇ ਰੋਗ ਹਟਨ, ਸਰੀਂਹ ਦੇ ਬੀਜਾਂ ਦੀ ਮਾਲਾ ਬੱਚੇ ਦੇ ਗਲ ਪਾਵਨ ਤੇ ਦੰਦੀਆਂ ਸੁਖਾਲੀਆਂ ਨਿਕਲਨ ! ਨਿੰਮ ਦੇ ਜਾਂ ਛਿੱਛਰੇ ਦੇ ਪੱਤ੍ਰਾਂ ਦੇ ਰਸ ਵਿਚ ਸ਼ਹਦ ਪਾ ਕੇ ਪੀਵਨ ਤੇ ਸਭ ਤਰਾਂ ਦੇ ਕ੍ਰਿਮ ਨਾਸ ਹੋਵਨ । ਕੁਲਥਾਦਿ ਘਿਓ ਦੇ ਵਰਤਨ ਕਰਕੇ ਸਖ਼ਤ ਤੋਂ ਸਖ਼ਤ ਪਥਰੀ ਹਟ ਜਾਵੇ ! ਗੰਧਕ ਦੇ ਸੇਵਨ ਨਾਲ ਪਾਰੇ ਦੇ ਸਭ ਤਰਾਂ ਦੇ ਵਿਕਾਰ ਹਟਨ ! ਗੰਧਕ, ਵਰਿੰਗ, ਗਊ ਮੂਤ੍ਰ ਵਿਚ ਸਰ੍ਹੋਂ ਸੰਨ ਤੇ ਕਰ [illegible]

ਦਾ ਤੇਲ ਪਕਾ ਕੇ ਵਰਤਨ ਤੇ ਸਭਤਰਾਂ ਥੀਆਂ ਲੀਖਾਂ ਜੂਆਂ ਹਟਨ। ਲੋਧ ਸੱਕ ਤ੍ਰਿਫਲੇ ਦੇ ਜਲ ਵਿਚ ਘਸਾ ਕੇ ਵਰਤਨ ਤੇ ਲਾਲੀ ਆਦਿਕ ਨੇਤ੍ਰਾਂ ਦੇ ਰੋਗ ਹਟਨ, ਲਿਖਣ ਦੀ ਕਾਲੀ ਸਿਆਹੀ, ਜਾਂ ਗੰਢੇ ਦਾ ਜਲ ਨੇਤਰਾਂ ਵਿਚ ਪਾਵਨ ਤੇ ਅੰਧਰਾਤਾ ਹਟੇ। ਕਾਕ ਜੰਘਾਂ ਦੀ ਜੜ੍ਹ ਪੀਸ ਕੇ ਸ਼ਸਤ੍ਰ ਘਾਵ ਤੇ ਲਗਾਵਨ ਕਰਕੇ ਪੀੜ ਹਟੇ ਤੇ ਲਹੂ ਰੁਕ ਜਾਵੇ। ਅੰਬ ਦੀ ਗੁਠਲੀ, ਅਫੀਮ, ਇੰਦ੍ਰ ਜੌਂ ਜਲ ਵਿਚ ਪੀਸ ‹ ਨਾਭੀ ਤੇ ਲੇਪ ਕਰਨ ਕਰਕੇ ਅਤੀਸਾਰ ਹਟੇ। ਮਹੀਂ ਦੇ ਕੰਨ ਦੀ ਮੈਲ ਨਾਭੀ ਤੇ ਲਗਾਵਨ ਤੇ ਮੂਤ੍ਰ ਜਾਰੀ ਹੋ ਜਾਵੇ, ਸਿੱਪੀਆਂ ਦੀ ਸਵਾਹ ਦਹੀਂ ਵਿਚ ਪੀਵਨ ਤੇ ਨਾਰਵਾ ਰੋਗ ਹਟੇ, ਸੰਖ ਭਸਮ ਟ ⸺ ਪ੍ਰਦਰ ਰੋਗ ਹਟੇ, ਬਕੈਂਨ ਦੇ ਫਲ, ਸੁੰਢ, ਖੰਡ ਦੀ ਫ ਕੀ ਦੁੱਧ ਨਾਲ ਵਰਤਨ ਤੇ ਧਾਤੂ ਸ੍ਰਾਵ ਦੇ ਰੋਗ ਹਟਨ। ਗਊ ਮੂਤ੍ਰ ਨਾਲ ਤ੍ਰਿਫਲੇ ਦੀ ਫੱਕੀ ਖਾਵਨ ਤੇ ਅੰਡ ਬ੍ਰਿਧੀ ਰੋਗ ਹਟੇ, ਸਰਪੰਖੇ ਦੀ ਜੜ੍ਹ ਲੱਕ ਬੰਨ੍ਹਣ ਨਾਲ ਪ੍ਰਸੂਤ ਦੀ ਪੀੜਾ ਹਟ ਕੇ ਸੁਖ ਪ੍ਰਸਵ ਹੋਵੇ। ਚਿਟ-ਚਿਟੇ ਦੀ ਜੜ੍ਹ ਪੀਸ ਕੇ ਪੈਰਾਂ ਹੇਠ ਲੇਪ ਕਰਨ ਤੇ ਅਪਰਾ ਜਾਯ(ਜੇਉਰ ਪੈ ਜਾਵੇ),ਨੀਲ ਦੀ ਬੱਤੀ ਦੇਵਨ ਤੇ ਰਕਤ ਪ੍ਰਦਰ ਹਟੇ। ਭੰਗ ਦਾ ਇੱਕ ਹਿੱਸਾ ਵਰਤਨ ਨਾਲ ਲੜ-ਕੀਆਂ ਦੀ ਸੂ ਬਦਲਕੇ ਲੜਕਾ ਪੈਦਾ ਹੋਵੇ, ਪੁੱਠ ਕੰਡੇ ਦਾ ਬੂਟਾ ਗਭਣੀ ਇਸਤ੍ਰੀ ਪੁੱਟੇ ਜੇ ਜੜ੍ਹ ਸਾਬਤ ਨਿਕਲੇ ਤਾਂ ਲੜਕਾ ਨਹੀਂ ਤੇ ਲੜਕੀ ਪੈਦਾ ਹੋਵੇਗੀ। ਜਾਫਲ ਦੇ ਗਲ ਪਾ ਰੱਖਣ ਤੇ ਮਿਰਗੀ ਦਾ ਰੋਗ ਹਟੇ। ਕਿਸੇ ਸੱਟ ਜਾਂ ਸ਼ਸਤ੍ਰ ਆਦਿ ਨਾਲ ਜ਼ਖਮ ਹੋਕੇ ਲਹੂ ਵਗਦਾ ਹੋਵੇ ਤਦ ਉੱਪਰ ਹਲਦੀ ਬਹੁਤ ਸਾਰੀ ਪਾ ਕੇ ਬੰਨ੍ਹ ਦੇਵੇ ਉਸੇ ਵੇਲੇ

ਰੁਕ ਜਾਵੇਗਾ। ਰੇਠੜੇ ਸਿਰਹਾਣੇ ਰੱਖਣ ਤੇ ਹਿਚਕੀ ਹਟੇ, ਰੇਠੜੇ ਦੇ ਵਰਤਨ ਨਾਲ ਆਤਸ਼ਕ ਅਤੇ ਸੁਜ਼ਾਕ ਵੀ ਜੜ੍ਹ ਜਾਵੇ, ਘੋੜੇ ਦੀ ਲਿੱਦ ਦੀ ਧੂੰਣੀ ਨਾਲ ਪ੍ਰਸੂਤ ਸਮੇਂ ਦੀ ਪੀੜਾ ਹਟੇ। ਕੰਨ ਦੀ ਮੈਲ ਨਾਸ ਦੇ ਖਬੇ ਪਾਸੇ ਲੇਪ ਕਰਨ ਤੇ ਸਰਪ ਵਿਖ ਨਸ਼ਟ ਹੋਵੇ। ਪਟੋਲ ਦੀ ਜੜ੍ਹ ਦੀ ਨਸਵਾਰ ਲੈਣ ਤੇ ਭਯਾਨਕ ਸਰਪ ਵਿਖ ਭੀ ਨਾਸ ਹੋ ਜਾਵੇ। ਜੀਰਾ ਤੇ ਗੁੜ ਵਰਤਨ ਤੇ ਚੌਥਾ ਤਪ ਹਟੇ, ਕਿੱਕਰ ਦੇ ਤੁੱਕਲੇ ਵਰਤਨ ਨਾਲ ਲਹੂ ਵਾਲੀ ਬਵਾਸੀਰ, ਤੁੰਮੇ ਦੀ ਜੜ੍ਹ ਕਾਂਜੀ ਵਿਚ ਪੀਸ ਕੇ ਨਸਵਾਰ ਲੈਣ ਨਾਲ ਮਿਰਗੀ ਹਟ ਜਾਵੇ। ਅਰਿੰਡ ਦੇ ਵਰਤਨ ਨਾਲ ਗਰਭ ਦੀ ਰੋਕ ਰਹੇ! ਭੈਰਵ ਅੰਜਨ ਆਦਿਕ ਨੇਤ੍ਰਾਂ ਵਿਚ ਪਾਵਨ ਤੇ ਤਪ ਹਟਨ ਪਸੀਨਾਂ ਆ ਜਾਵੇ, ਜੇ ਇੱਕ ਨੇਤ੍ਰ ਵਿਚ ਪਾਇਆ ਜਾਵੇ ਤਾਂ ਇੱਕ ਪਾਸੇ ਦਾ ਤਪ ਹਟੇ, ਦੋਹਾਂ ਵਿਚ ਪਾਇਆਂ ਦੋਹਾਂ ਪਾਸਿਆਂ ਦਾ ਹਟੇ! ਇਸੇ ਤਰਾਂ ਦੀ ਨਸਵਾਰ ਆਦਿਕ ਬੇਅੰਤ ਔਸ਼ਧੀਆਂ ਭਾਰਤ ਵਰਸ਼ ਦੇ ਸ੍ਵਦੇਸ਼ੀ ਚਿਕਤਸਾ ਸ਼ਾਸਤ੍ਰਾਂ ਬੰਗਸੈਨ, ਭਾਵ ਪ੍ਰਕਾਸ਼, ਵੈਦ ਕਲਪ ਦ੍ਰਮ, ਰਸਰਾਜ ਸੁੰਦਰ ਆਦਿਕ ਗ੍ਰੰਥਾਂ ਦੀਆਂ ਅਤੀ ਸਿੱਧ ਅਰ ਅਚਰਜ ਗੁਣ ਦੱਸਣ ਵਾਲੀਆਂ ਹਨ, ਏਹ ਕੇਵਲ ਕਥਨ ਜਾਂ ਲਿਖਨ ਮਾਤ੍ਰ ਹੀ ਨਹੀਂ ਵਰਤਨ ਵਿਚ ਆਈਆਂ ਸਿਧ ਹਨ ਤੇ ਵਰਤ ਕੇ ਪ੍ਰੀਖਯਤ ਹੋ ਸਕਦੀਆਂ ਹਨ, ਪਿਛਲੇ ਵਰ੍ਹੇ ਦਾਸ ਨੇ ੧ ਪੁਸਤਕ 'ਗਊ ਪਦਾਰਥ ਗੁਣ ਸੰਗ੍ਰਹ' ਪ੍ਰਕਾਸ਼ਤ ਕੀਤੀ ਸੀ ਜਿਸ ਵਿਚ ਸਾਰੇ ਰੋਗਾਂ ਦੇ ਇਲਾਜ ਕੇਵਲ ਗਊ ਦੇ ਦੁਧ, ਦਹੀਂ, ਮੱਖਣ, ਘਿਉ ਮੂਤ੍ਰ, ਗੋਹੇ, ਸਵਾਹ ਆਦਿ ਨਾਲ ਹੀ ਦੱਸੇ ਹੋਏ ਹਨ, ਏਹ ਪੁਸਤਕ ਦੁਖਨਿਵਾਰਨ ਪੜ੍ਹ ਕੇ ਖਰੀਦਾਰਾਂ [illegible]

੧੯੧੩ ਵਿੱਚ ਭੇਟਾ ਕੀਤੀ ਗਈ ਸੀ ਅਰ ੭੫ ਪੁਸਤਕਾਂ ਨਮੂਨੇਮਾਤ੍ਰ ਯੋਗ ਸਜਣਾਂ ਦੇ ਕਰ ਕਮਲਾਂ ਵਿਚ ਸਸ਼ੋਭਤ ਕਰਨ ਵਾਸਤੇ ਏਸ ਕਾਨਫ੍ਰੰਸ ਦੀ ਭੇਟ ਕੀਤੀਆਂ ਜਾਂਦੀਆਂ ਹਨ। ਚਰਕ ਸੰਹਿਤਾ ਦੇ ਕਲਪ ਅਸਥਾਨ ਵਿੱਚ ਇਕ ਮਾਲਾ ਦੱਸੀ ਹੈ ਜਿਸ ਦੇ ਗਲ ਪਾਵਨ ਕਰਕੇ ਹੀ ਚੰਗਾ ਜੁਲਾਬ ਹੋ ਜਾਂਦਾ ਹੈ। ਸਾਰ ਸੰਗ੍ਰਹ ਵਿਚ ਇਕ ਜੁਲਾਬ ਦੱਸਿਆ ਹੈ ਜਿਸ ਦੇ ਹਥ ਵਿੱਚ ਰਖਣ ਤੇ ਦਸਤ ਅਰ ਗਲੇ ਤੇ ਲਗਾਵਨ ਤੇ ਉਲਟੀਆਂ ਹੋ ਜਾਂਦੀਆਂ ਹਨ, ਆਦਿਕ ਅਨੇਕ ਗੁਪਤ ਪ੍ਰਗਟ ਸਿੱਧ ਸੁਖਾਲੇ ਤੇ ਅਚਰਜ ਇਲਾਜ ਹਨ, ਪਰ ਵਰਤਨ ਦੀ ਪੂਰੀ ਬਿਧੀ ਦਾ ਗਜਾਨ ਹੋਵੇ! ਜਿਨ੍ਹਾਂ ਦਾ ਮੁਕਾਬਲਾ ਕਰਨ ਵਾਸਤੇ ਅਜੇ ਤਕ ਭੀ ਕੋਈ ਬਿਦੇਸੀ ਚਿੱਕਤਸਾ ਸਮਰਥ ਨਹੀਂ ਹੈ, ਅਜੇਹੇ ਅਨੇਕਾਂ ਸ੍ਵਦੇਸ਼ੀ ਚਿਕਿਤਸਾ ਦੇ ਚਮਤਕਾਰੀ ਇਲਾਜ 'ਪੰਜਾਬੀ ਭਾਸ਼ਾ ਦੇ ਦੂਖ ਨਿਵਾਰਨ ਮਾਸਕ ਪਤ੍ਰ' ਜਿਸ ਦੀ ਸੇਵਾ ਕੇਵਲ ਪ੍ਰਚਾਰ ਦੇ ਵਿਚਾਰ ਨਾਲ ਬਹੁਤ ਸਾਰਾ ਧਨ ਤੇ ਸਮਾਂ ਖਰਚ ਕਰਕੇ ਦਾਸ ਨੌ ਬਰਸਾਂ ਤੋਂ ਲਗਾਤਾਰ ਕਰ ਰਿਹਾ ਹੈ ਉਸ ਵਿੱਚ ਪ੍ਰਕਾਸ਼ਤ ਕਰਕੇ ਸ੍ਵਦੇਸ਼ੀ ਔਖਧੀਆਂ ਦੀ ਗੌਰਵਤਾ ਪ੍ਰਗਟ ਕੀਤੀ ਜਾਂਦੀ ਹੈ, ਕੁਝ ਅਜੇਹੇ ਨਮੂਨੇ ਦਾਸ ਨੇ ਲਾਹੌਰ ਦੀ ਹਿੰਦੂ ਕਾਨ-ਫ੍ਰੰਸ ਵਿੱਚ ਭੀ ਦੱਸੇ ਸਨ ਜਿਨ੍ਹਾਂ ਤੋਂ ਕਈ ਇਕ ਵੈਦ ਸੱਜਣ ਭੀ ਲਾਭ ਉਠਾ ਚੁਕੇ ਹਨ। ਸ੍ਵਦੇਸੀ ਚਿਕਿਤਸਾ ਵਿੱਚ ਕੇਵਲ ਅਣਮੁਲੀਆਂ ਦਵਾਵਾਂ ਹੀ ਨਹੀਂ ਹਨ, ਸੈਂਕੜੇ ਰੁਪਏ ਲੱਗਕੇ ਤਿਆਰ ਹੋਣ ਵਾਲੇ ਨੁਸਖੇ "ਮਕਰਧੁਜ" "ਸੁਵਰਨ ਬਸੰਤ ਮਾਲਤੀ" "ਚੰਦ੍ਰੋਦਯ" "ਬਸੰਤ ਤਿਲਕ" "ਮ੍ਰਿਗਾਂਕ" ਆਦਿ ਰਸ (ਨੁਸਖੇ) ਭੀ

ਹਨ ਜਿਨ੍ਹਾਂ ਵਿਚ ਚੰਗੇ ਵਜ਼ਨ ਵਿੱਚ ਸੋਨੇਂ ਦੀ ਭਸਮ, ਵਰਕ ਸੋਨੇਂ ਦੇ, ਮੋਤੀ, ਕਸਤੂਰੀ ਆਦਿ ਪ੍ਰਧਾਨ ਹਨ। ਏਸੇਤਰਾਂ ਸੈਂਕੜਿਆਂ ਦੀਆਂ ਦਵਾਵਾਂ ਦੇ ਮੁਕਾਬਲੇ ਦੀਆਂ ਕੌਡਾਂ ਦੀਆਂ ਦਵਾਵਾਂ ਜੇਹਾ ਕਿ ਵਿਸ਼ੇਸ਼ ਵਿਚਾਰ ਅਨੁਸਾਰ "ਮੋਹਬੱਧਰਸ" ਦੇ ਮੁਕਾਬਲੇ ਤ੍ਰਿਫਲੇ ਦਾ ਰਸ ਧੂੜਕੇ ਜਾਂ ਗਲੋ ਦਾ ਰਸ ਸਿਲਾਜੀਤ ਮਿਲਾ ਕੇ। ਮਕਰ ਧ੍ਵਜ ਰਸ ਦੇ ਮੁਕਾਬਲੇ ਕੌਂਚ ਬਟਿਕਾ। "ਸ੍ਵਰਣ ਬਸੰਤ ਮਾਲਤੀ ਰਸ" ਦੇ ਬਦਲੇ ਗੋਦੰਤੀ ਭਸਮ ਗਲੋ ਦੇ ਰਸ-ਵਿਚ ਸ਼ਹਦ ਪਾਕੇ ਉਸ ਨਾਲ। ਬਸੰਤ ਤਿਲਕ ਦੇ ਮੁਕਾ-ਬਲੇ ਸਿੰਬਲ ਦੀ ਜੜ੍ਹ ਦਾ ਪਾਣੀ ਆਦਿਕ ਗੁਣਕਾਰ ਹਨ।

ਵਰਤਮਾਨ ਸਮਜ ਵਿੱਚ ਅਤੀ ਉੱਨਤੀ ਦੇ ਸਿਖਰ ਪਹੁੰਚੀਆਂ ਡਾਕਟਰੀ ਦਵਾਵਾਂ ਵੱਲ ਭੀ ਜਦ ਖੋਜ ਕਰਕੇ ਵੇਖਿਆ ਜਾਂਦਾ ਹੈ ਤਦ ਬਹੁਤ ਹਿੱਸਾ ਭਾਰਤ ਵਰਸ਼ ਦੀਆਂ ਸ੍ਵਦੇਸ਼ੀ ਦਵਾਵਾਂ ਦੇ ਹੀ ਰੂਪ ਰੰਗ ਚਿੰਨ੍ਹ ਬਦਲੇ ਹੋਏ ਅਤ ਸਤ ਆਦਕ ਕੱਢੇ ਹੋਏ ਹਨ। ਸੌ ਪਿੱਛੇ ਨੱਬੇ ਦੇ ਕਰੀਬ ਸ੍ਵਦੇਸ਼ੀ ਔਸ਼ਧੀਆਂ ਹੀ ਅਦਲ ਬਦਲ ਕੇ ਐਲੋ ਪੈਥਕ (ਵਰਤ ਮਾਨ ਡਾਕਟਰੀ ਚਿਕਿਤਸਾ) ਵਿੱਚ ਵਰਤਨ ਵਿੱਚ ਆਉਂਦੀਆਂ ਹਨ ਜਿਨ੍ਹਾਂ ਰੁਪਯਾਂ ਦੀਆਂ ਦਵਾਵਾਂ ਦੇ ਮੁਕਾਬਲੇ ਤੇ ਸ੍ਵਦੇਸ਼ੀ ਅਣਮਲੀਆਂ ਤੇ ਕੌਡੀਆਂ ਦੀਆਂ ਚੰਗੀਆਂ ਗੁਣ ਕਰਦੀਆਂ ਹਨ। ਕਈ ਇਕ ਪ੍ਰਸਿਧ ੨ ਦਵਾਵਾਂ ਦੇ ਮੁਕਾਬਲੇ ਤੇ ਦਾਸ ਨੇ ਉਸੇ ਤਰਾਂ ਦੀਆਂ ਦੇਸੀ ਦਵਾਵਾਂ ਤਿਆਰ ਕਰਨ ਦਾ ਤਜਰਬਾ ਕੀਤਾਹੈਜੇਹਾਕਿ'ਡਨੈਸਟੀਨ'ਦੇ ਮੁਕਾਬਲੇਤੇਹਰੀਮੁੰਡੀਬੂਟੀ ਵਿੱਚ ਕੀਤਾ ਹੋਇਆ ਸੰਗ ਜਰਾਹ ਦਾ ਕੁਸ਼ਤਾ, ਟਿੰਕਚਰ ਆਯੋ ਡੀਨ ਦੇ ਮੁਕਾਬਲੇ ਮੁਸ਼ੱਬਰ(ਏਲਵਾ)ਰਸੌਂਤ ਇਕ

ਇਕ ਤੋਲਾ, ਅਫ਼ੀਮ੧ ਮਾਸ਼ਾ, ਸਿਰਕਾ ਪੰਜ ਤੋਲੇ ਮਿਲਾਕੇ। ਕੈਸਕੇਰਾ ਸੈਗਾਰੇਡਾ ਜੇਹਾ ਤੁੰਮੇ ਦਾ ਰਸ ਪਕਾ ਕੇ। ਕੁਨੀਨ ਦੇ ਮੁਕਾਬਲੇ ਗਲੋ ਤੇ ਨਿੰਮ ਦਾ ਮਿਲਵਾਂ ਸਤ, ਜਾਂ ਤੁਲਸੀ ਪਤ੍ਰਾਂ ਦੇ ਰਸ ਵਿਚ ਖਰਲ ਕਰਕੇ ਮੀਚਕੇ ਦੀ ਗਿਰੀ, ਐਂਟੀ ਪਾਈਰੀਨ ਦੇ ਮੁਕਾਬਲੇ ਲੌਂਗਾਂ ਨਾਲ ਕੀਤਾ ਹੋਇਆ ਕੁਸ਼ਤਾ ਕਲੀ ਦਾ, ਏਹ ਅੰਗ੍ਰੇਜ਼ੀ ਦਵਾ ਦੀ ਤਰਾਂ ਕਮਜ਼ੋਰ ਭੀ ਨਹੀਂ ਕਰਦਾ। ਜ਼ਿੰਕ ਲੋਸ਼ਨ ਦੇ ਮੁਕਾਬਲੇ ਮੈਦਾ ਸੱਕ ਤ੍ਰਿਫਲੇ ਦੇ ਜਲ ਵਿੱਚ ਘਸਾ ਕੇ। ਸ੍ਵਰ ਦੇ ਠੀਕ ਕਰਨ ਵਾਸਤੇ ਪੁਟਾਸੀਕਲੋਰਾਸ ਦੇ ਮੁਕਾ-ਬਲੇ ਛਿੱਲ ਹਰੜ ਤੇ ਪਾਨ ਜੜ੍ਹ ਮੂੰਹ ਵਿੱਚ ਰੱਖਣੀ। ਕਾਰਬਾਲਕ ਟੁਥ ਪੌਡਰ ਦੇ ਮੁਕਾਬਲੇ ਖੜ੍ਹੀਆ ਮਿੱਟੀ, ਕਫੂਰ ਦੀ ਖੁਸ਼ਬੂ ਦੇ ਕੇ ਹਾਜ਼ਮੇ ਵਾਸਤੇ ਸੋਡਾ ਮਿੰਟ, ਟਿਕੀਆਂ ਦੇ ਮੁਕਾਬਲੇ ਸੌਂਫ, ਰਸ ਨਿੰਬੂ ਤੇ ਦੇਸੀ ਨਿਮਕ ਦੀਆਂ ਗੋਲੀਆਂ, ਅਮੋਨੀਆਂ ਕਲੋਰਾਈਡ ਕੰਪੋਂਡ ਟਿਕੀਆਂ ਦੇ ਮੁਕਾਬਲੇ ਮੁਲਠੀ, ਗੋਂਦ ਕਤੀਰਾ ਤੇ ਕਿੱਕਰ, ਨਸ਼ਾਸਤਾ, ਤੇ ਮਿਸਰੀਆਂ ਦੀਆਂ ਗੋਲੀਆਂ, ਲਿਥੀਆ ਦੇ ਮੁਕਾਬਲੇ ਤੇ ਫੁਲ ਗੁਲਾਬ ਦੇ ਨੁਗਦੇ ਵਿਚ ਕੀਤੀ ਭਸਮ ਪੱਥਰਬੇਰ। ਅਰਗੋਟੀਨ ਦੇ ਮੁਕਾਬਲੇ ਬਲਾ (ਖਰਹਟੀ) ਦਾ ਸਤ, ਫ਼ਲਾਈ ਪੇਪਰ (ਮੱਖੀਮਾਰ ਕਾਗਜ਼) ਦੇ ਮੁਕਾਬਲੇ ਗੰਧਕ ਦਾ ਛਾਛ ਵਿੱਚ ਕਾਗਜ਼ ਤੇ ਲੇਪ ਕਰਕੇ ਵਰਤਨਾ ਇਤ ਆਦਿਕ ਬਹੁਤ ਸਾਰੀਆਂ ਅੰਗ੍ਰੇਜ਼ੀ ਰੁਪਯਾਂ ਦੀਆਂ ਦਵਾਈਆਂ ਦੇ ਮੁਕਾਬਲੇ ਕੌਡੀਆਂ ਦੀਆਂ ਸ੍ਵਦੇਸ਼ੀ ਦਵਾਈਆਂ ਵਰਤ ਕੇ ਬਹੁਤ ਗੁਣਕਾਰ ਦੇਖੀਆਂ ਹਨ। ਤੇ ਵੈਦ ਹਕੀਮ ਸੱਜਨ ਦੇਖਦੇ ਹਨ

ਭਾਰਤ ਵਰਸ਼ ਦੇ ਚਿਕਿਤਸਾ ਸ਼ਾਸਤ੍ਰ ਕੇਵਲ

ਭਾਰਤ ਵਰਸ਼ ਵਿੱਚ ਹੀ ਸਭ ਤੋਂ ਉੱਨਤ, ਆਦਰ ਯੋਗ, ਲਾਭ ਦਾਇਕ, ਅਚਰਜ ਗੁਣ ਭਰਪੂਰ ਹੈਨ, ਅਜੇਹਾ ਹੀ ਨਹੀਂ ਸਗੋਂ ਕਦੇ ਸੰਪੂਰਣ ਸੰਸਾਰ ਭਰ ਦੇ ਚਿਕਿਤਸਾ ਸ਼ਾਸਤ੍ਰਾਂ ਵਿੱਚੋਂ ਸਾਰੇ ਸੰਸਾਰ ਵਿੱਚ ਭਾਰਤ ਵਰਸ਼ ਦੀ ਚਿਕਿਤਸਾ ਲੜੀ ਨੇ ਅਤੀ ਉੱਚ ਆਸਣ ਗ੍ਰਹਣ ਕੀਤਾ ਸੀ ਜਿਸਦੀ ਸਾਖੀ ਅਜੇ ਤੱਕ ਭੀ ਇਤਿਹਾਸ ਵੇਤਾ ਭਰ ਰਹੇ ਹਨ।

ਜਿਸ ਸਮੇਂ ਅਰਬ ਅਤੇ ਮਿਸਰ ਦੇਸ਼ ਪਰਾਚੀਨਤਾ ਦੇ ਵਿਚਾਰਾਂ ਵਿੱਚ ਫੁੱਲੇ ਹੋਏ ਸਨ ਜਦੋਂ ਪੁਰਾਣੇ ਰੋਮ ਅਰ ਗ੍ਰੀਸ ਦੇ ਲੋਕ ਆਪਣੀ ਬੁੱਧੀ ਮਤਾ ਤੇ ਮਸਤ ਸਨ, ਜਦੋਂ ਹੁਣ ਦੀ ਸਭ੍ਯਤਾ ਦਾ ਸ਼ਿਰੋਮਣੀ (ਬੁੱਧੀ ਮਤਾ ਦਾ ਕੇਂਦਰ) ਸੰਸਾਰ ਭਰ ਵਿੱਚ ਮੰਨਿਆਂ ਪ੍ਰਮੰਨਿਆਂ ਯੂਰਪ ਦੇਸ਼ ਅਸਭ੍ਯਤਾ (ਜਹਾਲਤ) ਦੇ ਘੋਰ ਹਨੇਰੇ ਵਿਚ ਢੱਕਿਆ ਪਿਆ ਸੀ ਤਦ ਤੋਂ ਹੀ ਸਾਡਾ ਸ੍ਵਦੇਸ਼ੀ ਭਾਰਤ ਵਰਸ਼ ਦਾ ਚਿਕਿਤਸਾ ਸ਼ਾਸਤ੍ਰ ਸੰਸਾਰ ਭਰਦੇ ਚਿਕਿਤਸਾ ਸ਼ਾਸਤ੍ਰਾਂ ਵਿੱਚੋਂ ਪ੍ਰਾਚੀਨ ਅਤੇ ਸ਼ਿਰੋਮਣੀ ਸਮਝਿਆ ਜਾਂਦਾ ਸੀ। ਭਾਵੇਂ ਅੱਜ ਸਾਡੀ ਦੇਸ਼ ਵਾਸੀਆਂ ਦੀ ਹੀਨ ਦਸ਼ਾ ਏਸ ਪਾਸਿਓਂ ਭੀ ਅਜੇਹੀ ਹੀਨ ਹੋਈ ਹੈ ਕਿ ਪਾਸ ਪਈਆਂ ਚੀਜ਼ਾਂ ਦੇ ਗਯਾਨ ਦੀ ਭੀ ਚੰਗੀ ਸੂਝ ਨਹੀਂ ਤੇ ਨਾਂ ਹੀ ਪੂਰਾ ਧਿਆਨ ਦਿੱਤਾ ਜਾਂਦਾ ਹੈ ਪਰ ਇਤਿਹਾਸ ਅਰ ਗਿਆਨ ਵਾਨ ਵਿਦੇਸ਼ੀ ਵਿਦਵਾਨ ਅਜੇ ਤਕ ਭੀ ਸਾਡੇ ਚਿਕਿਤਸਾ ਸ਼ਾਸਤ੍ਰ ਦੀ ਪ੍ਰਾਚੀਨਤਾ ਅਰ ਸ਼ਿਰੋਮਣੀ ਅਵਸਥਾ ਦੀ ਸਾਖੀ ਭਰਦੇ ਤੇ ਅਸਾਂ ਸ੍ਵਦੇਸ਼ ਵਾਸੀ ਆਲਸੀਆਂ ਨੂੰ ਹੋਸ਼ ਦਵਾ ਰਹੇ ਹਨ। ਜੈਸਾ ਕਿ:-

ਇਤਿਹਾਸ ਵਿਵੇਚਨ ਕਿ ਅੱਜ ਤੋਂ ਅਨੁਮਾਨ

ਦੋ ਹਜ਼ਾਰ ਬਰਸ ਪਹਿਲੇ ਮਹਾਰਾਜਾ ਗ੍ਰੀਕ (ਯੂਨਾਨ) ਦੇਸ਼ ਪਤੀ ਮਹਾਂ ਬੀਰ "ਏਲੇਕ ਜੇਂਡਰ" ਆਪਣੇ ਦੇਸ਼ ਦੇ ਭਯਾਨਕ, ਮਾਰੂ, ਅਤੇ ਦੁਸਾਧਯ ਰੋਗਾਂ ਦੇ ਨਸ਼ਟ ਕਰਨ ਵਾਸਤੇ ਭਾਰਤ ਵਰਸ਼ ਦੇ ਵੈਦ ਹਕੀਮ ਸਦਾ ਆਪਣੇ ਪਾਸ ਬੜੇ ਯਤਨ ਤੇ ਆਦਰ ਨਾਲ ਰੱਖਦਾ ਸੀ। ਤੇ ਯੂਨਾਨ ਦੇ ਅਨੇਕ ਫਿਲਾਸਫ਼ਰ ਭਾਰਤ ਵਰਸ਼ ਵਿੱਚ ਏਹ ਵਿਦਯਾ ਪਾਉਣ ਆਏ ਸਨ।

ਬਾਰਾਂ ਸੌ ਬਰਸ ਪਹਲੇ ਬਗਦਾਦ ਪਤੀ "ਖ਼ਲੀਫਾ ਹਾਰੂੰ ਰਸ਼ੀਦ" ਭਾਰਤ ਵਰਸ਼ ਦੀ ਚਿਕਿਤਸਾ ਨੂੰ ਪ੍ਰਿਥਵੀ ਭਰ ਦੀ ਹੋਰ ਚਿਕਿਤਸਾ ਤੋਂ ਉੱਤਮ, ਅਤੀ ਗੁਣਕਾਰ, ਅਤੇ ਸਿੱਧ ਸਮਝ ਦੇਖਕੇ ਆਪਣੀ ਸ੍ਰੀਰ ਰੱਖਯਾ ਵਾਸਤੇ ਸਦਾ ਭਾਰਤ ਵਰਸ਼ ਦੇ ਚਿਕਿਤਸਕਾਂ ਨੂੰ ਹੀ ਆਪਣੇ ਪਾਸ ਰੱਖਦਾ ਸੀ।

"ਅਯੁਲਫਉਲ" ਨਾਮਕ ਪਰਸਿੱਧ ਅਰਬੀ ਭਾਸ਼ਾ ਦੇ ਗ੍ਰੰਥ ਵਿਚ ਲਿਖਿਆ ਹੈ ਕਿ:—"ਅੱਠਵੀਂ ਸਦੀ ਵਿੱਚ ਭਾਰਤ ਵਰਸ਼ ਦੇ ਵਿੱਦਵਾਨ ਲੋਕ ਬਗਦਾਦ ਦੀ ਰਾਜ ਸਭਾ ਵਿੱਚ ਮੌਜੂਦ ਰਹਿਕੇ "ਆਯੁਰ ਵੇਦ" ਦੀ ਸਿੱਖਯਾ ਦੇਂਦੇ ਸਨ। ਸਰਕ, ਸਰਸਸ, ਅਤੇ ਵੇਦਾਨ, ਏਹ ਤਿੰਨ ਚਿਕਿਤਸਾ (ਹਕੀਮੀ) ਦੇ ਗ੍ਰੰਥ ਭਾਰਤ ਵਰਸ਼ ਵਿੱਚੋਂ ਅਰਬ ਦੇਸ ਵਿੱਚ ਲਿਆਂਦੇ ਗਏ ਸਨ" ਪ੍ਰਤੀਤ ਹੁੰਦਾ ਹੈ ਕਿ ਏਹ ਤਿੰਨੇ ਗ੍ਰੰਥ "ਚਰਕ, ਸੁਸ੍ਰੁਤ, ਨਿਦਾਨ" ਏਨਾਂ ਤਿੰਨਾਂ ਗ੍ਰੰਥਾਂ ਦੇ ਅਪਭ੍ਰੰਸ਼ (ਵਿਗੜੇ ਹੋਏ) ਨਾਮ ਹਨ ਅਰ ਇਨ੍ਹਾਂ ਗ੍ਰੰਥਾਂ ਦੇ ਅਰਬੀ ਆਦਿ ਵਿੱਚ ਉਲਥੇ ਹੋਇਆਂ ਦੇ ਪ੍ਰਮਾਣ ਭੀ ਮਿਲਦੇ ਹਨ।

ਹਕੀਮ ਜਾਲੀਨੂਸ ਜੀ ਨੇ ਆਪਣੇ ਰਸਾਲੇ ਵਿੱਚ

ਲਿਖਿਆ ਹੈ:—"ਆਯੁਰ ਵੇਦ ਵਿੱਦਜਾ (ਹਿੰਦੀ ਹਿਕ-ਮਤ.) ਪਹਲੇ ਪਹਲ ਭਾਰਤ ਵਰਸ਼ ਵਿੱਚੋਂ ਮਿਸਰ ਦੇਸ ਵਿਚ ਆਈ, ਫੇਰ ਮਿਸਰ ਵਿੱਚੋਂ ਯੂਨਾਨ ਅਤੇ ਅਰਬ ਦੇਸ਼ ਵਿੱਚ ਗਈ! ਉਨ੍ਹਾਂ ਨੇ ਇਹ ਭੀ ਲਿਖਿਆ ਹੈ ਕਿ:—"ਮੇਰੇ ਉਸਤਾਦ "ਅਫਲਾਤੂੰ" ਨੇ ਭਾਰਤ ਵਰਸ਼ ਵਿੱਚ ਜਾ ਕੇ ਕਾਲ ਗਜਾਨ ਦੇ ੩੬ਲੱਛਨ ਅਤੇ ਹੋਰ ਬਹੁਤ ਸਾਰੇ ਗ੍ਰੰਥ ਪੜ੍ਹੇ ਉਨ੍ਹਾਂ ਵਿਚੋਂ ਕੁਝ ਸਾਰ ਭਾਗ ਸੰਗ੍ਰਹ ਕਰਕੇ ਇਕ ਤਖਤੀ ਤੇ ਉਕਰਾ ਕੇ ਸਦਾ ਆਪਣੇ ਗਲ ਵਿਚ ਜਾਮੇਂ ਦੇ ਅੰਦਰ ਪਾਈ ਰਖਜਾ ਕਰਦੇ ਸਨ ਤੇ ਗੁਪਤ ਹੀ ਰੱਖਦੇ ਸਨ। ਜਦ ਉਨਾਂ ਦੇ ਅੰਤ ਕਾਲ ਦਾ ਸਮਾਂ ਨੇੜੇ ਆ ਗਿਆ, ਤਦ ਉਨ੍ਹਾਂ ਨੇ ਆਪਣੀ ਇਸਤ੍ਰੀ ਨੂੰ ਕਿਹਾ ਕਿ ਇਸ ਤਖਤੀ ਨੂੰ ਮੇਰੀ ਕਬਰ ਵਿਚ ਗੱਡ ਦੇਣਾ ਅਤੇ ਏਸ ਭੇਦ ਨੂੰ ਅਤੀ ਗੁਪਤ ਰੱਖਣਾ! ਸੋ ਉਨਾਂ ਦੀ ਆਗਜਾ ਅਨੁਸਾਰ ਏਸੇਤਰਾਂ ਕੀਤਾ ਗਿਆ, ਜਦ ਏਸ ਭੇਦ ਦਾ ਮੈਨੂੰ (ਹਕੀਮ ਜਾਲੀਨੂਸ ਜੀ ਨੂੰ) ਪਤਾ ਲੱਗਾ ਤਦ ਉਸ ਤਖ਼ਤੀ ਨੂੰ ਕਬਰ ਵਿਚ ਗੱਡੀ ਗਈ ਦੇਖਕੇ ਮੈਨੂੰ ਬਹੁਤ ਹੀ ਅਚਰਜ ਹੋਇਆ ਤੇ ਮੈਂ ਵਿਚਾਰਿਆ ਕਿ ਉਸਤਾਦ ਜੀ ਆਪ ਤਾਂ ਮਰੇ ਪਰ ਆਪਣੀ ਮਹਾਂਨ ਵਿਦਜਾ ਨੂੰ ਭੀ ਮਾਰ ਗਏ ! ਤਦ ਮੈਂ ਉਸਤਾਦ ਜੀ ਦੀ ਕਬਰ ਨੂੰ ਖੋਦ ਕੇ ਤਖ਼ਤੀ ਨੂੰ ਬਾਹਰ ਕੱਢਿਆ ਅਤੇ ਉਸ ਭਾਰਤ ਵਰਸ਼ ਦੀ ਸ੍ਵਦੇਸ਼ੀ ਹਿਕਮਤ ਵਿਦਜਾ ਦੇ ਤੱਤ ਵਿਚ ਚੰਗੀਤਰਾਂ ਯੋਗਜਤਾ ਪ੍ਰਾਪਤਿ ਕੀਤੀ। ਫੇਰ ਕੁਝ ਸਮੇਂ ਦੇ ਪਿਛੋਂ ਮੇਰੀ (ਭਾਰਤ ਵਰਸ਼ ਦੀ ਹਿਕ਼ਮਤ ਵਿਦਜਾ ਦੀ) ਯੋਗਜਤਾ ਨੂੰ ਦੇਖਕੇ ਅਰਸਤੂੰ ਆਦਿ ਹਕੀਮ ਤਥਾ ਉਨਾਂ ਦੇ ਕਈ ਸ਼ਗਿਰਦਾਂ ਨੇ ਭੀ

ਭਾਰਤ ਵਰਸ਼ ਵਿਚ ਜਾ ਕੇ ਆਯੁਰ ਵੇਦ ਦੀ ਵਿਦ੍ਯਾ ਨੂੰ ਪੜ੍ਹਿਆ ਅਤੇ ਸਿਖ੍ਯਾ।" ਏਹ ਕਾਲ ਗ੍ਯਾਨ ਸ਼ਾਸਤ੍ਰ ਤਥਾ ਚਰਕ ਬਾਗਭਟ ਆਦਿਕਾਂ ਵਿਚ ਕਾਲ ਗ੍ਯਾਨ ਦੇ ਪ੍ਰਕਾਰ ਪ੍ਰਗਟ ਹਨ ਜਿਨ੍ਹਾਂ ਵਿਚ ਰੋਗੀ ਦੇ ਰੋਗ ਦੀ ਅਤੇ ਮਰਣ ਜੀਵਨ ਦੇ ਲਛਣ ਤਥਾ ਦਿਨ ਪਹਰ ਮਹੀਨੇ ਆਦਿਕਾਂ ਦੀ ਮਿਆਦ ਤੱਕ ਦੇ ਭੇਦ ਭੀ ਬੜੀ ਚੰਗੀ ਤਰਾਂ ਦੱਸੇ ਹਨ।

ਪ੍ਰਸਿੱਧ ਡਾਕਟਰ ਓਯਾਜ ਭੀ ਆਯੁਰਵੇਦ ਦੀ ਚਿਕਿਤਸਾ ਦੇ ਸੰਬੰਧ ਵਿਚ ਵਿਸ਼ੇਸ਼ ਵ੍ਯਾਖ੍ਯਾ ਤੇ ਵਿਚਾਰ ਕਰਕੇ ਆਪਣੀਆਂ ਮਹਾਂਨ ਯੁਕਤੀਆਂ ਦੱਸ ਕੇ ਕਹਿੰਦੇ ਹਨ ਕਿ:-"ਅਸਲ ਵਿਚ ਸੰਪੂਰਨ ਚਿਕਿਤ-ਸਾਵਾਂ (ਹਕੀਮੀਆਂ) ਦੀ ਜੜ੍ਹ (ਆਦਿ) ਹਿੰਦੁਸਤਾਨ ਦੀ ਭਾਰਤ ਚਿਕਿਤਸਾ ਹੀ ਹੈ ਅਤੇ ਸਾਰਾ ਸੰਸਾਰ ਉਸਦਾ ਰਿਣੀ ਹੈ।"

ਪ੍ਰੋਫੈਸਰ ਜੇ. ਐਫ. ਰਾਯਲ. ਡੀ. ਆਰ ਐਲ. ਐਮ. ਜੀ. ਸੀ ਜੇਹੜੇ ਕਿ ਪਹਿਲੇ ਬੰਗਾਲ ਦੀ ਸੈਨਾਂ ਦੇ ਡਾਕਟਰ ਸਨ ਅਤੇ ਏਸ਼ਿਆਟਕ ਮੈਡੀਕਲ ਵ ਫਿਜ਼ੀਕਲ ਸੁਸਾਇਟੀ ਏਡਿੰਗਬਰਗ ਅਤੇ ਮੇਡੀ ਕੋ ਸਰਜੀਕਲ ਸੁਸਾਇਟੀ ਲੰਡਨ ਦੇ ਮੇਂਬਰ ਸਨ, ਓਨਾਂ ਨੇ ਆਪਣੇ ਵ੍ਯਾਖ੍ਯਾਨ ਵਿਚ ਆਖਿਆ ਹੈ ਕਿ:- "ਹਿੰਦੁਸਤਾਂਨ ਦਾ ਚਿਕਿਤਸਾ ਸ਼ਾਸਤ੍ਰ ਬਹੁਤ ਹੀ ਪ੍ਰਾਚੀਨ ਹੈ, ਅਰਬ ਅਤੇ ਯੂਨਾਨ ਵਾਲਿਆਂ ਤੋਂ ਬਹੁਤ ਚਿਰ ਪਹਿਲੇ ਦਾ ਹੈ, ਕਿਸੇ ਵੇਲੇ ਅਰਬ ਦੇਸ਼ ਵਿਚ ਆਯੁਰ ਵੇਦੀਯ ਚਿਕਿਤਸਾ ਦਾ ਵਿਸ਼ੇਸ਼ ਪ੍ਰਚਾਰ ਸੀ, ਬਲਕਿ ਅਰਬ ਵਾਲਿਆਂ ਨੇ ਭਾਰਤ ਵਰਸ਼ ਦੀ ਚਿਕਿਤਸਾ ਤੋਂ

ਭੀ ਬਹੁਤ ਕੁਝ ਹਿਕਮਤ ਦੀ ਸਿਖਯਾ ਪ੍ਰਾਪਤ ਕੀਤੀ ਸੀ। ਅਜੇ ਤਕ ਇਸ ਦੇਸ਼ ਵਿਚ ਸਵਾਸ ਰੋਗ ਵਿਚ ਧਤੂਰੇ ਦੇ ਬੀਜ ਅਤੇ ਕ੍ਰਿਮਿ ਰੋਗ ਵਿਚ ਕੌਂਚ ਦੇ ਬੀਜ ਵਰਤੇ ਜਾਂਦੇ ਹਨ (ਜੋ ਨਿਰੋਲ ਹਿੰਦੁਸਤਾਨ ਦੀ ਉਪਜ ਹਨ)।

ਏਸੇ ਤਰਾਂ ਯੂਰਪ ਦੇ ਇਤਿਹਾਸਕ ਲੋਕਾਂ ਵਿਚ ਮੰਨੇ ਪ੍ਰਮੰਨੇ ਪ੍ਰਸਿੱਧ ਡਾਕਟਰ ਰਾਯਲ ਸਾਹਿਬ ਆਪਣੇ "ਐਸ. ਏ. ਔਨ ਦੀ ਅੰਟੀਕਿਊਟੀ ਔਫ਼ ਹਿੰਦੂ ਮੈਡੀਸਨ" ਨਾਮਕ ਗ੍ਰੰਥ ਵਿਚ ਲਿਖਦੇ ਹਨ ਕਿ:- "ਅਰਬਿਯਨ ਇਤਿਹਾਸ ਵਿਚ ਸਾਫ ਲੇਖ ਹੈ ਕਿ ਓਹ ਲੋਕ "ਸ਼ਰਕ" ਅਤੇ "ਸਸਰਦ" ਨਾਮਕ ਦੋ ਚਿਕਿਤਸਾ ਦੇ ਗ੍ਰੰਥ ਹਿੰਦੁਸਤਾਨ ਵਿਚੋਂ ਨਾਲ ਲਿਆਏ ਸਨ ਅਤੇ ਪਾਰਸਯ ਦੇਸ਼ ਦੇ ਪੰਡਿਤਾਂ ਪਾਸੋਂ ਓਨਾਂ ਦਾ ਉਲਥਾ ਕਰਵਾਇਆ। ਪ੍ਰਾਚੀਨ ਮਿਸਰ ਦੇਸ਼ ਵਾਸੀਆਂ ਨੇ ਅਰਬ ਦੇਸ਼ੀਆਂ ਪਾਸੋਂ ਏਨਾਂ ਗ੍ਰੰਥਾਂ ਦੇ ਉਪਦੇਸ਼ ਲਏ ਅਤੇ ਮਿਸਰ ਵਾਲਿਆਂ ਤੋਂ ਗ੍ਰੀਸ ਵਾਲਿਆਂ ਨੇ ਆਯੁਰ ਵੇਦ ਦੇ ਤਤਾਂ ਨੂੰ ਸਿਖਯਾ!" ਡਾਕਟਰ ਰਾਯਲ ਜੀ ਨੇ ਹੋਰ ਭੀ ਲਿਖਿਆ ਹੈ ਕਿ:- 'ਰੂਮ ਦੇ ਸੁਲਤਾਨ "ਅਲਮੰਜਰ" ਨੇ ਸੰਪੂਰਣ ਪ੍ਰਿਥਵੀ ਦੇ ਚਿਕਿਤਸਕਾਂ ਨੂੰ ਸੱਦ ਕੇ ਇੱਕ ਬੜੀ ਭਾਰੀ 'ਵੈਦ ਹਕੀਮ ਕਾਨਫਰੰਸ" ਕੀਤੀ ਸੀ ਜਸ ਵਿੱਚ ਏਹ "ਸ਼ਰਕ" ਅਤੇ "ਸਸਰਦ" ਅਰਥਾਤ "ਚਰਕ" ਅਤੇ "ਸੁਸ੍ਰੁਤ" ਭਾਰਤ ਵਰਸ਼ ਦੀ ਚਿਕਿਤਸਾ ਦੇ ਗ੍ਰੰਥ ਸ਼੍ਰੇਸ਼ਟ ਮੰਨੇ ਗਏ ਸਨ, ਅਤੇ ਸਾਰੀ ਪ੍ਰਿਥਵੀ ਦੇ ਸਾਰੇ ਚਿਕਿਤਸਾ ਕਰਨ ਵਾਲਿਆਂ ਦੇ ਆਦਰ ਯੋਗ ਹੋਏ। ਡਾਕਟਰ ਸਾਹਿਬ ਦੇ ਕਥਨ ਅਨੁਸਾਰ ਏਹ ਬਾਤ ਅੱਠਵੀਂ ਸਦੀ ਈਸਵੀ ਦੀ ਹੈ, ਏਸੇ ਤੋਂ ਹੀ ਓਹਨਾਂ

ਦਾ ਅਨੁਮਾਨ ਹੈ ਕਿ "ਆਯੁਰ ਵੇਦ" ਦੋ ਹਜ਼ਾਰ ਬਰਸ ਪਹਲੇ ਬੜੀ ਹੀ ਉੱਨਤ ਅਵਸਥਾ ਵਿਚ ਸੀ (ਜੋ ਅੱਜ ਸਾਡੀ ਸ੍ਵਦੇਸ਼ੀਆਂ ਦੀ ਹੀਨ ਅਵਸਥਾ ਕਰਕੇ ਬਹੁਤ ਹੀ ਹੇਠ ਦਬ ਗਿਆ ਹੈ)।

ਪ੍ਰਸਿੱਧ ਸੰਸਕ੍ਰਿਤ ਸ਼ਾਸ਼ਤ੍ਰਾਂ ਦੇ ਪੂਰਨ ਵਿਦਵਾਂਨ ਪ੍ਰੋਫ਼ੇਸਰ ਹੋਰੇਸ ਹੇਮੇਨ ਵਿਲਸਨ ਐਮ. ਏ. ਆਰ.ਐਸ. ਪ੍ਰੈਸੀਡੇਨਸ ਮੈਡੀਕਲ ਸੁਸਾਇਟੀ ਕਲਕੱਤਾ ਅਤੇ ਪ੍ਰੋਫ਼ੇ-ਸਰ ਆਫ਼ ਸੰਸਕ੍ਰਿਤ ਯੂਨੀਵਰਸਟੀ ਕਾਲਜ ਆਫ਼ ਫ਼ੋਰਟ ਜੋ ਅਤੀ ਪ੍ਰਸਿੱਧ ਮੰਨੇ ਪ੍ਰਮੰਨੇ ਸੰਸਕ੍ਰਿਤ ਵਿੱਦਜਾ ਦੇ ਪੂਰਨ ਵਿਦਵਾਂਨ ਮੰਨੇ ਜਾਂਦੇਹਨ ਓਹਨਾਂਨੇ ਲਿਖਿਆ ਹੈ ਕਿ "ਭਾਰਤ ਵਰਸ਼ ਵਿੱਚ ਬਹੁਤ ਪੁਰਾਣੇਂ ਸਮੇਂ ਤੋਂ ਚਿਕਿਤਸਾ, ਜਜੋਤਿਸ਼ ਅਤੇ ਦਰਸ਼ਨ ਸ਼ਾਸਤ੍ਰ ਆਦਿ ਦੇ ਪੂਰਨ ਵਿਦਵਾਂਨ ਵਿਦਜਮਾਂਨ(ਮੌਜੂਦ)ਹਨ | ਮਹਾਂਭਾਰਤ ਦੇ ਸਮੇਂ ਤੋਂ ਬਹੁਤ ਚਿਰ ਪਹਲੇ ਭਾਰਤ ਵਰਸ਼ ਵਿੱਚ ਪਸੂ ਚਿਕਿਤਸਾ ਦਾ ਭੀ ਪੂਰਨ ਪ੍ਰਚਾਰ ਸੀ, ਰਾਜਾ ਨਲ ਘੋੜਿਆਂ ਦੀ ਪ੍ਰੀਖਯਾ ਅਤੇ ਓਹਨਾਂ ਸੰਬੰਧੀ ਰੋਗਾਂ ਦੀ ਚਿਕਿਤਸਾ ਵਾਸਤੇ ਅਦੁਤੀ ਸਿਆਣਾਂ ਸੀ। ਯੁਧਿਸ਼ਟਰ ਦਾ ਛੋਟਾ ਭਰਾ ਨਕੁਲ ਬੀ ਪਸ਼ੂ ਚਿਕਿਤਸਾ ਵਿਚ ਨਿਪੁਨ ਸੀ, ਉਸ ਨੇ "ਅਸ੍ਵ ਚਿਕਿਤਸਾ" ਆਦਿ ਕਈ ਗ੍ਰੰਥ ਭੀ ਲਿਖੇ ਸਨ।

ਭਾਗਲ ਪੁਰ ਡਵੀਯਨ ਦੇ ਹੋ ਚੁਕੇ ਕਮਿਸ਼ਨਰ ਸ੍ਰੀ ਮਾਨ ਸਫ਼ਾਦੀਨ ਸਾਹਬ ਨੇ ਲਿਖਿਆ ਹੈ ਕਿ "ਏਹ ਬਹੁਤ ਹੀ ਅਚਰਜ ਵਾਲੀ ਗੱਲ ਹੈਂਕਿ ਭਾਰਤ ਦੇ ਮਹਾਂ ਰਿਸ਼ੀ ਅਨੇਕ ਸਦੀਆਂ ਪਹਿਲੇ ਹੀ ਜਿਨ੍ਹਾਂ ਬਾਤੀਂ ਦਾ ਪੂਰਨ ਗਯਾਨ ਪ੍ਰਾਪਤ ਕਰ ਚੁਕੇ ਸਨ ਅੱਜ ਦੇ ਨਵੇਂ

ਵਿਦਵਾਂਨ ਓਹਨਾਂ ਹੀ ਬਾਤਾਂ ਤੇ ਓਨਾਂ ਕੁ ਗਜਾਨ ਪ੍ਰਾਪਤ ਕਰਕੇ ਆਪ ਨੂੰ ਨਵਾਂ ਗਜਾਨ ਪ੍ਰਕਾਸ਼ਕ ਮੰਨਣ ਦਾ ਘੁਮੰਡ ਕਰਦੇ ਹਨ"॥

ਫਿਲਾਡੇਲਫਿਆ—ਅਮਰੀਕਾ ਦੇ ਪ੍ਰਸਿੱਧ ਗਜਾਨਵਾਂਨ ਡਾਕਟਰ ਜਾਰਜ ਕਲਰਕ ਐਮ. ਏ. ਐਮ. ਡੀ. ਸਾਹਬ ਨੇ ਲਿਖਿਆ ਹੈ ਕਿ "ਮੈਂ ਚਰਕ ਦੇ ਹਰ ਇੱਕ ਅਧਜਾ ਨੂੰ ਪੜ੍ਹਦਾਹੋਇਆ ਇੱਕ ਹੀ ਸਿਧਾਂਤ ਤੇ ਪਹੁੰਚਦਾ ਹਾਂ ਕਿ ਜੇਕਰ ਵਰਤਮਾਂਨ ਸਮੇਂ ਦੇ ਚਿਕਿਤਸਾ ਕਰਨ ਵਾਲੇ ਸਾਰੀ ਫ਼ਾਰਮਾਂ ਕੋਪਿਆ ਤਥਾ ਨਵੀਆਂ ਕਾਢਾਂ ਦੀਆਂ ਦਵਾਵਾਂ ਨੂੰ ਛੱਡ ਕੇ ਕੇਵਲ "ਚਰਕ" ਦੀ ਚਿਕਿਤਸਾ ਦੇ ਢੰਗ ਨੂੰ ਹੀ ਵਰਤਨ ਤਦ ਅਕਾਲ ਮ੍ਰਿਤੂ ਦੀ ਬਹੁਤ ਸਾਰੀ ਗਿਣਤੀ ਘਟਜਾਵੇਗੀ ਅਤੇਅਨੇਕਰੋਗਾਂ ਨਾਲ ਦੁਖੀ ਪੁਰਾਣੇ ਰੋਗੀ ਬਹੁਤਘਟ ਦਿਖਾਈਦੇਣਗੇ"। ਇਸ ਤਰਾਂ ਬੇਅੰਤ ਵਿਦਵਾਨਾਂ ਦੇ ਮਤ ਹਨ ਜਿਨ੍ਹਾਂ ਦੀ ਪ੍ਰਤੱਖ ਵਰਤੋਂ ਵਿੱਚ ਲਿਆ ਕੇ ਪ੍ਰੀਖਜਾ ਹੋ ਸਕਦੀ ਹੈ।

ਬੁਧ ਜੀਦੇ ਸਮੇਂ ਤੋਂ ਦ੍ਰਵਜ ਚਿਕਿਤਸਾ(ਦਵਾਈਆਂ) ਦਾ ਹੀ ਬਹੁਤ ਪ੍ਰਚਾਰ ਸੀ, ਤਦ ਤੋਂ ਹੀ ਭਾਰਤ ਵਰਸ਼ ਦੀ ਸ਼ਲਯ ਚਿਕਿਤਸਾ (ਸਰਜਰੀ ਅਰਥਾਤ ਚੀਰਨ ਫਾੜਨ ਦੀ ਕਿਰਿਆ) ਸਿਥਲ ਪੈਂਦੀ ਚਲੀ ਗਈ, ਕਿਉਂਕਿ ਬੁਧ ਮਤ ਵਾਲੇ ਚੀਰਨ ਫਾੜਨ ਨੂੰ ਚੰਗਾ ਨਹੀਂ ਸਮਝਦੇ ਸਨ ਅਤੇ ਉਨ੍ਹਾਂਨੇ ਚਿਕਿਤਸਾ ਸੰਬੰਧੀ ਵਿਸ਼ਯ ਵਿਚ ਸ਼ਸਤ੍ਰ ਕ੍ਰਿਆ ਨੂੰ ਅਧਮ "ਰਸੇਨ ਕਥਿਤੋ ਵੈਦਜੋ ਮਾਨੁਖੋ ਮੂਲਕ ਆਦਿਭਿ। ਅਧਮ: ਸਸਤ੍ਰ ਦਾਹਾਭਯਾਂ ਸਿਧ ਵੈਦਜਸਤੂ ਮੰਤ੍ਰਕ:"॥ ਆਦਿ ਦੱਸ ਕੇ ਲੋਕਾਂ ਦਾ ਧਿਆਨ ਹੀ ਬਦਲ ਦਿੱਤਾ ਬੁਧ ਮਤ ਵਾਲਿਆਂ ਨੇ ਮਨੁੱਖਾਂ

ਦੇ ਵਾਸਤੇ ਔਸ਼ਧਾਲਯ ਬਨਵਾਏ ਸਨ। ਏਸੇ ਤਰਾਂ ਰੋਗੀ ਤੇ ਨਕਾਰੇ ਪਸ਼ੂਆਂ ਵਾਸਤੇ ਪਸ਼ੂ ਸ਼ਾਲਾ (ਪਿੰਜਰਾ ਪੋਲ) ਭੀ ਬਣਵਾਏ ਸਨ, ਪਰ ਏਸ ਮਤ ਵਾਲੇ ਚੀਰਨ ਫਾੜਨ ਦੇ ਮਹਾਨ ਵਿਰੁਧ ਸਨ ਤਦ ਤੋਂ ਹੀ ਦੇਸੀਆਂ ਵੈਦਾਂ ਦੇ ਹੱਥੋਂ ਏਹ ਕ੍ਰਿਆ ਜਾਂਦੀ ਰਹੀਹੈ ਜਾਂ ਕੁਝ ਨਾਈ ਆਦਿਕਾਂ ਦੇ ਹੱਥ ਰਹ ਗਈ ਹੈ।

ਭਾਰਤ ਵਰਸ਼ ਦੀ ਸੁਦੇਸ਼ੀ ਚਿਕਿਤਸਾ ਸਕੰਦਰ ਦੇ ਆਵਨ ਤਕ ਭੀ ਚੰਗੀ ਉੱਨਤੀ ਦੇ ਸਿਖਰ ਸੀ ਅਰ ਤਦ ਤਕ ਉੱਨਤੀ ਕਰਦਾ ਹੀ ਰਹੀ। ਯੂਨਾਨੀ ਇਤਿਹਾਸ ਵੇਤਾ "ਏਰਿਯਨ" ਨੇ ਸਕੰਦਰ ਦੇ ਸਮੇਂ ਦੀ ਭਾਰਤਵਰਸ਼ ਦੀ ਦਸ਼ਾ ਲਿਖਦੇ ਹੋਏ ਚਿਕਿਤਸਾ ਪ੍ਰਕਰਣ ਵਿੱਚ ਸਾਫ ਲਿਖਿਆ ਹੈ ਕਿ "ਸਕੰਦਰ ਆਪਣੀ ਸੈਨਾਂ ਦੇ ਨਾਲ ਆਪਣੇ ਦੇਸ ਦੇ ਕਿੰਨੇ ਹੀ ਚੰਗੇ ਚੰਗੇ ਹਕੀਮ ਲਿਆਯਾ ਸੀ। ਪੰਜਾਬ ਵਿਚ ਸਰਪ ਬਹੁਤ ਹੁੰਦੇ ਸਨ, ਜਦ ਲਸ਼ਕਰ ਦੇ ਆਦਮੀਆਂ ਨੂੰ ਸਰਪ ਡੱਸਨ ਲੱਗੇ ਅਤੇ ਆਪ ਦੇ ਸਾਥੀ ਹਕੀਮਾਂ ਨੇ ਓਹਨਾਂ ਨੂੰ ਰਾਜੀ ਕਰਨ ਵਾਸਤੇ ਆਪਣੀ ਅਯੋਗਤਾ ਪ੍ਰਗਟ ਕੀਤੀ ਤਦ ਹਿੰਦੁਸਤਾਨੀ ਹਕੀਮ (ਵੈਦ) ਸੱਦਣੇ ਪਏ ਜਿਨ੍ਹਾਂ ਨੇ ਆ ਕੇ ਅਨੇਕਾਂ ਮਨੁਖਾਂ ਨੂੰ ਰਾਜੀ ਕੀਤਾ। ਨਰਕਸ ਲਿਖਦਾਹੈ ਕਿ ਯੂਨਾਨ ਦਾ ਏਹ ਵੱਡਾ ਪਾਤਸ਼ਾਹ ਹਿੰਦੁਸਤਾਨੀਆਂ ਦੀ ਏਹ (ਵੈਦਕ) ਵਿੱਦਯਾ ਦੇਖ ਕੇ ਬੜਾ ਹੀ ਅਚੰਭਾ ਹੋਇਆ ਤੇ ਕਿੰਨੇ ਹੀ ਭਾਰਥ ਵਰਸ਼ ਦੇ ਹਕੀਮ (ਵੈਦ) ਵੱਡੇ ਆਦਰ ਨਾਲ ਆਪਣੇ ਲਸ਼ਕਰ ਵਿੱਚ ਰੱਖ ਲਏ ਤੇ ਆਪਣੇ ਹਕੀਮਾਂ ਨੂੰ ਹੁਕਮ ਦਿੱਤਾ ਕਿ ਤੁਸੀ ਏਨ੍ਹਾਂ ਪਾਸੋਂ ਭਾਰਤ ਵਰਸ਼ ਦੀ ਚਿਕਿਤਸਾ ਸਿੱਖਯਾ ਕਰੋ" ।ਭਾਰਤ ਵਰਸ਼ ਦੀ

ਚਿਕਿਤਸਾਨੇ ਚੀਰਫਾੜ ਵਿਚ ਧੜਤੋਂ ਅਲਾਹਦਾ ਹੋਏ੨ ਸਿਰ ਤਕ ਜੋੜਨ ਦੀ ਉੱਨਤੀ ਕੀਤੀ ਸੀ, ਜਿੱਥੋਂ ਤਕ ਅਜੇ ਤੱਕ ਭੀ ਵਰਤਮਾਨ ਦੇ ਸਰਜਨ ਨਹੀਂ ਪਹੁੰਚੇ।

ਯੂਨਾਂਨ ਦੇ ਇਤਹਾਸ ਅਤੇ ਹੋਰ ਉਥੋਂ ਦੇ ਪ੍ਰਸਿੱਧ ਗ੍ਰੰਥ ਦੇਖਣ ਤੋਂ ਪਤਾ ਲੱਗਦਾ ਹੈ ਕਿ ਯੂਨਾਂਨੀ ਹਿਕਮਤ ਦਾ ਬਹੁਤ ਸਾਰਾ ਹਿੱਸਾ ਭਾਰਤ ਵਰਸ਼ ਦੀ ਚਿਕਿਤਸਾ ਵਿੱਚੋਂ ਹੀ ਲਿਆ ਗਿਆ ਹੈ, ਜਾਂ ਇਉਂ ਕਹੋ ਕਿ ਸਦੀਆਂ ਤੋਂ ਯੂਨਾਂਨੀ ਤੇ ਦੇਸੀ ਹਕੀਮਾਂ ਦਾ ਮਿਲਾਪ ਰਿਹਾ ਹੈ ਅਰ ਸਦਾ ਵਾਸਤੇ ਰਹਿੰਣਾਂ ਚਾਹੀਦਾ ਹੈ। ਪ੍ਰੋਫ਼ੈਸਰ ਬਾਵਰ ਸਾਹਿਬ ਜੀ ਨੇ ਆਪਣੇ ਪ੍ਰਸਿੱਧ ਗ੍ਰੰਥ "ਹਿਸਟ੍ਰੀ ਔਫ਼ ਇੰਡੀਅਨ ਲਿਟਰੇਚਰ" ਵਿੱਚ ਲਿਖਿਆ ਹੈ ਕਿ "ਏਸ ਬਾਤ ਦਾ ਕੋਈ ਪ੍ਰਮਾਂਣ ਨਹੀਂ ਹੈ ਕਿ "ਸੁਸ੍ਰੁਤ ਨੇ ਆਪਣਾਂ ਗ੍ਰੰਥ ਰਚਨ ਵਿੱਚ ਯੂਨਾਂਨੀਆਂ ਦੇ ਚਕਿਤਸਾਸੰਬੰਧੀ ਕਿਸੇ ਵਿਸ਼ਯ ਦਾ ਕਿਸੇ ਤਰਾਂ ਆਸਰਾ ਲਿਆ ਹੋਵੇ ਪਰ ਏਸ ਬਾਤ ਦੇ ਅਨੇਕਾਂ ਪ੍ਰਮਾਣ ਹਨ ਕਿ ਯੂਨਾਂਨੀਆਂ ਨੇ ਸੁਸ੍ਰੁਤ ਦੇ ਮਤ ਦਾ ਬਹੁਤ ਕੁਝ ਸਹਾਰਾ ਤੇ ਭਾਵ ਲਿਆ ਹੈ।"

ਮਿਸਰ ਦੀ ਚਿਕਿਤਸਾ ਵਿਚ ਕੋਈ ਅਜੇਹੀ ਬਾਤ ਨਹੀਂ ਹੈ ਜੋ ਹਿੰਦੁਸਤਾਨ ਦੀ ਚਿਕਿਤਸਾ ਪ੍ਰਣਾਲੀ ਤੋਂ ਅੱਡ ਹੋਵੇ, ਪਰ ਭਾਰਤਵਰਸ਼ ਦੀ ਚਿਕਿਤਸਾ ਵਿਚ ਬਹੁਤ ਅਜੇਹੇ ਵਿਸ਼ਯ ਹਨ ਜੋ ਮਿਸਰ ਦੀ ਚਿਕਿਤਸਾ ਵਿੱਚ ਨਹੀਂ ਹਨ।

ਇਹ ਬਾਤ ਭੀ ਪ੍ਰਤੱਖ ਹੈ ਕਿ ਅਰਬੀ ਚਿਕਿਤਸਾ ਦਾ ਬਹੁਤ ਭਾਗ ਭਾਰਤਵਰਸ਼ ਦੀ ਚਿਕਿਤਸਾ ਤੋਂ ਲਿਆ ਗਿਆ ਹੈ ਅਰਬ ਦੇਸ਼ ਦਾ 'ਇਬਨਸੇਰਾਵੀ' ਹਕੀਮ ਆਪਣੇ ਗ੍ਰੰਥ ਵਿੱਚ [illegible] ਤੇ ਚਰਕ ਦੇ ਪ੍ਰਮਾਣ ਲਿਖਦਾ

ਹੈ, ਚਰਕ ਨੂੰ ਲਾਟਿਨ ਵਿਚ "ਸ਼ਰਕ ਇੰਡਿਇਨਸ" ਲਿਖਿਆ ਹੈ। "ਅਫ਼ਲਾਤੂਨ" ਬੁਖ਼ਾਰਾ ਦੇ ਪਰਮਪ੍ਰਸਿੱਧ ਹਕੀਮਾਂ ਵਿੱਚੋਂ ਸੀ ਇਸਨੇ ਆਪਣੇ ਗ੍ਰੰਥ ਵਿਚ ਤ੍ਰਿਫਲੇ ਸੰਬੰਧੀ ਚਰਕ ਦਾ ਮਤ ਲਿਖਿਆ ਹੈ। ਅਰਬ ਦੇ ਅਲ-ਰਾਸੀ ਨਾਮਕ ਹਕੀਮ ਨੇ ਮੁੱਠੀ ਆਦਿ ਦਵਾਵਾਂ ਸੰਬੰਧੀ ਸਿੰਧੀ ਚਰ ਹਿੰਦੀ ਵੈਦ ਦਾ ਵਰਨਨ ਕੀਤਾ ਹੈ, ਇਹ ਸਿੰਧੀ ਚਰ ਸਿੰਧ ਦੇਸ਼ ਦੇ ਰਹਿਣ ਵਾਲਾ "ਬਾਗ ਭਟ" ਸੀ। ਬਾਗਭਟ ਜੀ ਨੂੰ ਉਸ ਸਮੇਂ ਦੇ ਲੋਕ ਦੂਸਰਾ ਚਰਕ ਆਖਦੇ ਸਨ। ਸਿੰਧੀ ਚਰ ਅਤੇ ਸਿੰਧੀ ਚਰਕ ਇੱਕੋ ਹੀ ਨਾਮ ਹਨ ਖ਼ਲੀਫ਼ਾਉਲ ਮਨਸੂਰ ਨੇ 'ਚਰਕ' ਅਤੇ 'ਸੁਸ਼੍ਰਤ' ਦੇ ਉਲਥੇ ਅਰਬੀ ਵਿਚ ਕਰਵਾਇ ਸਨ, ਅਰਬੀ ਵਿਚ ਸੁਸ਼੍ਰਤ ਦੇ ਉਲਥੇ ਦਾ ਨਾਮ 'ਕਲੈਲੇਸਾਉਸ਼ੁਰਉਲਹਿੰਦੀ' ਹੈ ਅਤੇ ਚਰਕ ਦਾ ਨਾਮ "ਅਵੇਸਨਯਾ ਰੇਚਸ਼" ਹੈ, ਇਹ ਉਲਥੇ ਅੱਠਵੀਂ ਸਦੀ ਦੇ ਅਰੰਭ ਵਿਚ ਹੋਏ ਸਨ। ਇਸ ਤੋਂ ਪਿਛੋਂ 'ਹਿਪਲਰ' ਨੇ ਲਾਤੀਨੀ ਜ਼ਬਾਨ ਵਿਚ ਅਰ 'ਵੁਵਲਰਸ਼' ਨੇ ਜਰਮਨ ਜ਼ਬਾਨ ਵਿਚ ਉਲਥੇ ਕੀਤੇ ਇਤਹਾਸ ਦੱਸਦੇ ਹਨ।

ਜਿਸ ਸਮੇਂ ਯੂਰਪ ਵਿੱਚ ਸ਼ਰੀਰ ਵਿੱਦਜਾ (ਏਨਾਟਮੀ) ਦਾ ਜਨਮ ਭੀ ਨਹੀਂ ਹੋਇਆ ਸੀ ਤਦੋਂ ਭਾਰਤ ਵਾਸੀਆਂ ਨੇ ਜਿਸ ਤਰਾਂ ਚਕਿਤਸਾ ਅਤੇ ਸ਼ਸਤ੍ਰ ਕ੍ਰਿਆ ਵਿਚ ਉੱਨਤੀ ਕੀਤੀ ਸੀ ਓਸੇ ਤਰਾਂ ਹੀ ਸਰੀਰਕ ਵਿੱਦਜਾ ਵਿੱਚ ਭੀ ਉੱਨਤੀ ਕੀਤੀ ਸੀ ਜਿਸ ਦਾ ਨਮੂਨਾ ਅੱਜ ਤਕ ਭੀ ਦੇਖਣ ਵਿਚ ਆ ਰਿਹਾ ਹੈ। ਸੰਨ ੧੯੧੦ ਵਿੱਚ ਪਸ਼ਾਵਰ ਦੀ ਵੱਲ ਮਹਾਤਮਾ ਬੁਧ ਜੀ ਦੀ ਇੱਕ ਮੂਰਤੀ ਨਿਕਲੀ ਸੁਣੀ ਸੀ ਜਿਸ ਵਿਚ ਸਰੀਰ ਦੇ

ਹੋਰ ਹਿੱਸਿਆਂ ਦੇ ਨਾਲ ਬ੍ਰੀਕ ਤੋਂ ਬ੍ਰੀਕ ਨਾੜੀਆਂ ਭੀ ਇਸ ਤਰਾਂ ਦੱਸੀਆਂ ਹਨ ਜੋ ਹਜ਼ਾਰਾਂ ਬਰਸ ਪਿਛੋਂ ਦੀ ਆਕ੍ਰਤ ਹੁੰਦੇਹੋਏ ਭੀ ਪ੍ਰਤੱਖ ਦੇ ਸਮਾਂਨ ਪ੍ਰਤੀਤ ਦੇਂਦੀਆਂ ਹਨ,ਜਿਸ ਤੋਂ ਪ੍ਰਤੱਖ ਪ੍ਰਮਾਂਣ ਮਿਲਦਾ ਹੈ ਕਿ ਜਿਸ ਦੇਸ਼ ਦੇ ਪੱਥਰ ਆੜ੍ਹ ਇਸ ਵਿਦਯਾ ਦੀ ਏਤਨੀ ਬੁਧੀ ਰੱਖਦੇ ਸਨ ਉਥੋਂ ਦੇ ਵਿਦਯਾਵਾਂਨ ਕਿਸ ਉੱਨਤੀ ਤੇ ਹੋਵਨਗੇ ਸੁਸ੍ਰੁਤ ਆਦਕ ਗ੍ਰੰਥਾਂ ਵਿੱਚ ਸ਼ਸਤ੍ਰ ਕ੍ਰਿਆ, ਸ਼ਸਤ੍ਰਾਂ ਦੇ ਨਾਮ, ਲੱਛਨ, ਭੇਦ, ਵਰਤਾਉ ਆਦਿ ਦੱਸੇ ਲਿਖੇ ਪਏ ਹਨ ਜੋ ਅੱਜ ਭੀ ਅਚਰਜ ਕਰਦੇ ਹਨ। ਪਰ ਸ਼ੋਕ! ਅੱਜ ਸਮੇਂ ਦੇ ਫੇਰ ਨਾਲ ਸਾਨੂੰ ਉਹਨਾਂ ਦੇ ਵਰਤਮਾਂਨ ਨਾਂਮ ਭੀ ਨਹੀਂ ਔਂਦੇ!

ਇਤਿ ਆਦਿਕ ਪ੍ਰਮਾਂਣਾਂ ਤੋਂ ਸਿੱਧ ਹੈ ਕਿ ਭਾਰਤ ਵਰਸ਼ ਦਾ ਚਿਕਿਤਸਾ ਸ਼ਾਸਤ੍ਰ ਹੋਰ ਸਭਨਾਂ ਤੋਂ ਉੱਤਮ ਅਰ ਸਿਰੋਮਣੀ ਹੈ। ਜਿਸਤਰਾਂ ਜਗਤ ਵਿੱਚ ਮਹਾਂਸਾਗਰ ਅਨੇਕ ਰਤਨਾਂ ਦਾ ਭੰਡਾਰ ਹੈ ਇਸੇ ਤਰਾਂ ਭਾਰਤ ਵਰਸ਼ ਦਾ ਚਿਕਿਤਸਾ ਸ਼ਾਸਤ੍ਰ (ਆਯੁਰ ਵੇਦ) ਭੀ ਸਭ ਤਰਾਂ ਦੀ ਸਰੀਰਕ ਅਤੇਮਾਨਸਿਕ ਅਰੋਗਤਾ ਅਰ ਸੁਖਦਾਤੇ ਅਨੇਕ ਰਤਨਾਂ ਦਾ ਭੰਡਾਰ ਹੈ!

ਅਚਰਜ ਔਸ਼ਧੀਆਂ ਦੇ ਸਿਵਾਇ ਹੋਰ ਭੀ ਗੂੜ੍ਹ ਭੇਦ ਭਾਰਤ ਵਰਸ਼ ਦੀ ਚਿਕਿਤਸਾ ਵਿੱਚ ਬਹੁਤ ਮਿਲਦੇ ਹਨ ਜਿਹਾ ਕਿ:–ਤਰਜਨੀ ਉਂਗਲੀ(ਚੀਚੀ ਦੇ ਨਾਲਦੀ) ਤੋਂ ਫੇਫੜਿਆਂ ਦੀ ਪੂਰਣ ਦਸ਼ਾ ਦਾ ਗਯਾਂਨ ਹੁੰਦਾ ਹੈ, ਪੰਜੇ ਉਂਗਲਾਂ ਮਿਲਾ ਕੇ ਜ਼ਮੀਨ ਤੇ ਰੱਖ ਕੇ ਇੱਕ ਇੱਕ ਉਂਗਲ ਉਠਾਈਜਾਵੇ,ਜੇਕਰਤ੍ਰਜਨੀ ਉਂਗਲੀ ਮੁੱਧਮਾਤੋ: ਅੱਧੀ ਉੱਠੇ ਤਦ ਫੇਫੜੇ ਠੀਕ ਹਨ ਜਿੰਨੀ ੨ ਘੱਟ ਉਠੇ

ਓਨੇਂ੨ ਕਮਜ਼ੋਰ। ਜੇ ਜ਼ਖ਼ਮ ਹੋਵਨ ਤਦ ਉਂਗਲੀ ਰਕਦੇ ਬਾਂਹ ਵਿੱਚ ਕੁਝ ਦਰਦ ਪ੍ਰਤੀਤ ਹੋਵੇ ਗੀ ਜੇ ਮੂਲੋਂ ਹੀ ਗਲ ਸੜ ਗਏ ਹੋਵਨ ਤਦ ਉਂਗਲ ਉਠਾਈ ਹੋਈ ਭੀ ਡਿੱਗ ਜਾਵੇ ਗੀ। ਏਸੇ ਤਰਾਂ ਨੇਤਰਾਂ ਦੇ ਕਿਨਾਰਿਆਂ ਦੀ ਸੋਜ ਤੋਂ ਜਿਗਰ ਦੀ ਦਸ਼ਾ। ਚੇਹਰੇ ਤੇ ਕਾਲੇ ਬਿਖੜੇ ਦਾਗਾਂ ਤੋਂ ਆਤਸ਼ਕ ਦੀ ਦਸ਼ਾ। ਨੇਤ੍ਰਾਂ ਦੇ ਹੇਠ ਦੇ ਖਾਲ ਜੇ ਵਿਸ਼ਯ ਭੋਗ ਦੀ ਅਧਿਕਤਾ ਹੋਵੇ ਤਦ ਸਧਾਰਨ ਡੂੰਘੇ ਹੋ ਜਾਵਨਗੇ, ਜੇ ਅਧਿਕ ਧਾਤੂ ਸ੍ਰਾਵ ਦਾ ਰੋਗ ਹੋਵੇ ਤਦ ਪੀਲੇ ਜੇਹੇ ਜੇ ਸ੍ਵਪਨ ਦੋਸ਼ ਹੋਵੇ ਤਦ ਪਾਂਡੂ ਰੰਗ ਦੇ, ਜੇ ਕੁਕਰਮ ਹਸਤ ਕ੍ਰਿਆ ਆਦਿ ਨਾਲ ਵੀਰਯ ਦਾ ਨਸ਼ਟ ਕੀਤਾ ਜਾਵੇ ਤਦ ਪੀਲੇ ਕਾਲੇ ਜੇਹੇ ਖਾਲ ਹੋਣਗੇ। ਚੇਹਰੇ ਤੇ ਪੀਲੇ ਕਾਲੇ ਦਾਗਾਂ ਤੋਂ ਪਲੀਹ (ਤਿਲੀ) ਰੋਗ ਦੀ ਪਛਾਂਨ, ਕੇਸਾਂ ਦਾ ਗੁੰਝਲਾਪਨ ਦੇਖ ਕੇ ਤਪਾਂ ਦੇ ਹਟਨ ਨਾਂ ਹਟਨ ਦਾ ਪਤਾ, ਹੱਥਾਂ ਦੇ ਨਹੁੰ (ਨਾਖ਼ਨ) ਦੇਖਕੇ ਤਪਦਿੱਕ ਦੇ ਦਰਜਿਆਂ ਦਾ ਗਜਾਂਨ, ਗਰਦਨ ਦੀ ਹੰਸਲੀ ਤੋਂ ਇਸਤ੍ਰੀਆਂ ਦੇ ਪ੍ਰਦਰ ਸੰਬੰਧੀ ਰੋਗਾਂ ਦਾ ਗਜਾਂਨ, ਪਸ਼ਾਬ, ਕਰਨ ਵਾਲੀ ਪ੍ਰਿਥਵੀ ਦੇਖ ਕੇ ਜਾਂ ਖੇਤੀ ਪਰ ਪਸ਼ਾਬ ਕਰਵਾਕੇ ਪੁਰਸ਼ ਇਸਤ੍ਰੀ ਦੇ ਸੰਤਾਨ ਹੋਣ ਜਾਂ ਨਾਂ ਹੋਣ ਦੀ ਦਸ਼ਾ ਦਾ ਗਜਾਂਨ ਆਦਿਕ ਬੇਅੰਤ ਲੱਛਨ ਹਨ ਜਿਨ੍ਹਾਂ ਨੂੰ ਸਮੇਂ ਦਾ ਸੰਕੋਚ ਕਰਦਾ ਹੋਇਆ ਵਿਸਥਾਰ ਤੋਂ ਸੰਕੋਚਦਾ ਹਾਂ। ਏਹ ਗਜਾਂਨ ਆਯੁਰਵੇਦ ਦੀ ਚਿਕਿਤਸਾ ਤੋਂ ਛੁਟ ਅਜੇ ਤਕ ਹੋਰ ਉੱਨਤ ਹੋਈਆਂ ਕੌਮਾਂ ਦੇ ਵਿਦਵਾਨ ਭੀ ਨਹੀਂ ਜਾਣ ਸੱਕੇ। ਜਰਮਨੀ ਦੇ ਵਿਦਯਾਵਾਂਨ ਡਾਕਟਰਾਂ ਨੇ ਵਰਿਹਾਂ ਦੀ ਮੇਹਨਤ ਬਾਦ ਸਿੱਟਾ ਕੱਢਿਆ ਹੈ ਕਿ ਤਪ ਆਦਿਕ ਰੋਗ ਭੁੱਖਿਆਂ

ਕਹਿੰਣ ਨਾਲ ਕਿਸ ਕਿਸ ਤਰਾਂ ਹੋਂਦੇ ਹਨ ਜਿਸ ਦੇ ਚੰਗੇ ਫਲ ਨੂੰ ਦੇਖ ਕੇ ਜਰਮਨ ਡਾਕਟਰ ਅਚਰਜ ਹੋ ਰਹੇਹਨ ਪਰ ਭਾਰਤ ਵਰਸ਼ ਦੀ ਚਿਕਿਤਸਾ ਦੇ ਮੁਢ ਵਿਚ ਹੀ ਸਾਧਾਰਨ ਚਿਕਿਤਸਾ ਵਿਚ ਦਸਿਆ ਹੈ ਕਿ:—

"ਸ਼ਯਨੰ ਪਿੱਤ ਨਾਸ਼ਾਯਵਾਤਨਾਸ਼ਾਯ ਮਰਦਨੰ।
ਵਮਨੰ ਕਫ਼ ਨਾਸ਼ਾਯ ਜ੍ਵਰ ਨਾਸ਼ਾਯ ਲੰਘਨੰ।

ਅਰਥਾਤ:—

ਨਿੰਦ੍ਰਾ ਤੇ ਪਿੱਤ ਨਾਸ਼ਹੋਇ ਮਰਦਨ ਵਾਤਨਸਾਇ।
ਵਮਨ ਵਯਾਮ ਤੇ ਕਫ਼ਨਸੈ ਲੰਘਨ ਤੇ ਜ੍ਵਰਜਾਇ।

ਭਾਰਤੀ ਚਿਕਿਤਸਾ ਵਿਚ ਲੰਘਨ ਦੇ ਭੇਦ ਆਦਿ ਭੀ ਵਿਸਥਾਰ ਨਾਲ ਦੱਸੇ ਹਨ ਜਿੱਥੋਂ ਤਕ ਅਜੇ ਨਵੇਂ ਵਿਦਵਾਂਨ ਨਹੀਂ ਪਹੁੰਚੇ, ਏਸੇ ਤਰਾਂ ਸ਼ੋਥ ਰੋਗ ਦੀ ਚਿਕਿ-ਤਸਾ ਵਿੱਚ ਲੂਣ ਤੇ ਜਲ ਬੰਦ ਕਰਕੇ ਨਿਰਾ ਦੁਧ ਦਾ ਪੱਥ ਦੇਣਾਂ ਆਯੁਰ ਵੇਦ ਵਿਚ ਲਿਖਿਆ ਵੈਦਵਰਤਦੇ ਹਨ ਜਿਸ ਦਾ ਫਲ ਚੰਗਾ ਨਿਕਲਦਾ ਹੈ, ਪਰ ਡਾਕਟਰੀ ਵਿਚ ਹੁਣ ਏਹ ਵਿਚਾਰ ਪ੍ਰਗਟ ਹੋਏ ਹਨ ਕਿ ਸੋਜ ਦੇ ਰੋਗਾਂ ਵਿਚ ਰਕਤ ਵਿਚ ਲੂਣ ਵਧ ਜਾਂਦਾ ਹੈ ਏਸ ਵਾਸਤੇ ਲੂਣ ਨਹੀਂ ਖਾਣ ਦੇਣਾਂਚਾਹੀਦਾ, ਲੂਣ ਨਾਂ ਦੇਣ ਕਰਕੇ ਲਹੂ ਵਿਚੋਂ ਲੂਣ ਘਟਦਾ ਜਾਏਗਾ ਤੇ ਸੋਜ ਆਪਣੇ ਆਪ ਘਟ ਜਾਵੇਗੀ! ਕੇਡਾ ਅਚਰਜ ਹੈ ਕਿ ਜਿਨ੍ਹਾਂ ਬਾਤਾਂ ਨੂੰ ਰਿਸ਼ੀ ਲੋਕ ਸੰਸਾਰ ਦੇ ਭਲੇ ਵਾਸਤੇ ਹਜ਼ਾਰਾਂ ਬਰਸ ਪਹਲੇ ਦੱਸ ਗਏ ਹਨ ਓਹਨਾਂ ਦੀਆਂ ਹੀ ਨਵੀਆਂ ਕਾਢਾਂ ਕੱਢ ਦੱਸ ਕੇ ਡਾਕਟਰ ਲੋਕ ਵਾਹ! ਵਾਹ!! ਲੈ ਰਹੇ ਹਨ। ਏਸੇ ਤਰਾਂ ਦਹੀਂ ਦੇ ਗੁਣਾਂ ਵਲ ਜਰਮਨ ਦੇ ਡਾਕਟਰ ਮੇਚਨੀਕਫ ਦੇ ਕੀਤੇ ਤਜਰਬੇ

ਅਨੁਸਾਰ ਡਾਕਟਰਾਂ ਦੀ ਪ੍ਰਵਿਰਤੀ ਹੋਈ ਹੈ ਅਰ ਖੰਘ ਸੋਜ, ਸੀਤ ਜ੍ਵਰ ਆਦਿ ਵਿਚ ਭੀ ਬਿਨਾਂ ਵਿਚਾਰੇ ਹੀ ਡਾਕਟਰ ਲੋਕ ਵਰਤਨ ਲੱਗ ਗਏ ਹਨ, ਪਰ ਸਾਡੇ ਦੇਸ਼ ਵਾਲੇ ਸਾਧਾਰਨ ਲੋਕ ਭੀ ਇਸ ਤੋਂ ਪਰਮ ਲਾਭ ਉਠਾਂਦੇ ਅਰ ਏਸ ਦੇ ਵਰਤਾਰੇ ਦੇ ਗੁਝੇ ਭੇਦ ਜਾਣਦੇ ਹਨ ਤੇ ਸਮਝਦੇ ਹਨ ਕਿ ਕਿਸ ਕਿਸ ਦਸ਼ਾ ਵੇਲੇ ਸਮੇਂ ਦਹੀਂ ਨਹੀਂ ਵਰਤਨੀ ਚਾਹੀਦੀ, ਅਖਾਵਤ ਹੈ ਕਿ:-"ਸਿਆਲ ਪੁੱਤਾਂ ਹੁਨਾਲ ਮਿਤ੍ਰਾਂ ਤੇ ਮੌਣ ਦੁਸ਼ਮਨਾਂ" ਜਿਸ ਨੂੰ ਨਵੇਂ ਵਿਦਵਾਂਨ ਮੂਲੋਂ ਹੀ ਨਹੀਂ ਜਾਣਦੇ, ਜਦੋਂ ਕੋਈ ਡਾਕਟਰ ਮੇਦਨੀਕਕ ਜੇਹਾ ਲਿਖੇਗਾ ਕਿ ਏਸ ਏਸ ਦਸ਼ਾ ਵਿਚ ਨਾਂ ਵਰਤੋ ਤਦ ਸਮਝਨ ਗੇ, ਜਰਾ ਵਿਚਾਰਨ ਦੀ ਗਲ ਹੈ ਕਿ ਜੋ ਚੀਜ ਜਿਸ ਤਰਾਂ ਅੱਤ ਸਰਦੀ ਵਾਲੇ ਬਰਫਾਨੀ ਦੇਸ਼ ਵਿਚ ਵਰਤੀ ਜਾਵੇ, ਓਸੇ ਤਰਾਂ ਅਤਿ ਤਪਦੇ ਮਰੂ ਥਲ ਗਰਮ ਦੇਸ਼ ਵਿਚ, ਓਸੇ ਤਰਾਂ ਸਾਧਾਰਨ ਦੇਸ਼ ਵਿਚ ਵਰਤੀ ਜਾਵੇ ਤਦ ਕਦੇ ਇਕ ਸਾਰ ਗੁਣਕਾਰ ਹੋ ਸਕਦੀ ਹੈ ? ਕਦੇ ਨਹੀਂ ! ਪਰ ਨਵੀਂ ਚਿਕਿਤਸਾ ਦਾ ਏਸੇ ਤਰਾਂ ਵਰਤਾਰਾ ਹੈ ! ਭਾਰਤ ਵਰਸ਼ ਦੀ ਚਿਕਿਤਸਾ ਦੇ ਮੁਢ ਵਿਚ ਹੀ ਲਿਖਿਆ ਹੈ ਕਿ:-

> "ਹੇਤੁ ਆਦਿ ਕਾਰਤਸਨਯ ਵਯ ਵੈਰ ਬਲਾਬਲ
> ਵਿਸ਼ੇਸ਼ਣੈ। ਨਕ੍ਤੰ ਦਿਨ ਰਿਤੁ ਭੁਕ੍ਤੰ ਸ਼ਯਰ ਵਜਾਧਿ
> ਕਾਲੌ ਯਥਾ ਮਲੰ"

ਅਰਥਾਤ ਹਰ ਇਕ ਰੋਗ ਦੀ ਚਿਕਿਤਸਾ ਅਰੰਭ ਕਰਨ ਲੱਗੇ ਆਦਿ ਵਿਚ ਹੀ ਰੋਗ ਦਾ ਕਾਰਨ, ਪਹਲੇ ਲੱਛਨ ਪ੍ਰਤੱਖ ਲੱਛਨ, ਭੇਦ, ਵਧਾ ਘਟਾ, ਰੋਗੀ ਦੀ ਉਮਰ, ਤਾਕਤ, ਵੇਲਾ, ਸਮਾਂ, ਦੇਸ਼, ਬੀਮਾਰੀ ਦਾ ਸਮਾਂ ਮਲ

ਆਦਿਕਾਂ ਦੀ ਪ੍ਰੀਖਯਾ ਤੇ ਵਿਚਾਰ ਕਰ ਸਕੇ । ਏਸ ਤੇ ਸੰਪੂਰਨ ਸਿਆਣੇ ਆਪ ਹੀ ਵਿਚਾਰ ਸਕਦੇ ਹਨ ਕਿ ਕੇਹੜਾ ਵਰਤਾਰਾ ਲਾਭਵੰਦ ਹੈ ।

ਏਸੇ ਤਰਾਂ ਅਨੇਕਾਂ ਰੋਗਾਂ ਦੀ ਵਯਾਖਯਾ ਹੈ ਜੋ ਹੋਰ ਹੋਰ ਮਤਾਂ (ਵਿਦ੍ਯਾਂ)ਵਾਲਿਆਂ ਦੇ ਓਹਨਾਂ ਦਾ ਮੂਲੋਂ ਹੀ ਗਯਾਨ ਨਹੀਂ ਹੈ,ਜੇਹਾਕਿ ਵੈਦਕ ਵਿਚ ਉਦਾਵਰਤ ਰੋਗ (ਆਂਸੂ ਰੋਕਣ ਤੇ ਫਲਾਣੇ ੨ ਰੋਗ ਹੁੰਦੇਹਨ,ਸੁਾਸ ਰੋਕਣ ਤੋਂ ਫਲਾਣੇ ੨ ਰੋਗ ਹੁੰਦੇ ਹਨ, ਏਸੇ ਤਰਾਂ ਛਿੱਕਾਂ, ਮਲ, ਮੂਤ੍ਰ, ਅਧੋਵਾਤ, ਹਿਚਕੀ, ਡਕਾਰ, ਵਮਨ ਆਦਿ ਰੋਕਣ ਤੇ ਅੱਡ ੨ ਫਲਾਣਾਂ ੨ ਰੋਗ ਉਤਪੰਨ ਹੁੰਦਾ ਹੈ, ਉਸਦੇ ਏਹ ੨ ਲੱਛਨ ਅਤੇ ਏਹ ੨ ਉਪਾਵ ਹਨ, ਆਦਿ) ਕਈ ਇਕ ਰੋਗਾਂ ਦੀ ਏਧਰ ਵਯਾਖਯਾ ਹੈ ਜੋ ਦੂਸਰਿਆਂ ਦੇ ਨਹੀਂ ਹੈ ਤੇ ਅਜੇਹੇ ਰੋਗੀ ਦੇਖ ਕੇ ਦੂਸਰੇ ਭਰਮ ਵਿਚ ਪੈ ਜਾਂਦੇ ਹਨ ।

ਏਸੇ ਤਰਾਂ ਭਾਰਤਵਰਸ਼ ਦੀ ਚਿਕਿਤਸਾ ਅਨੁਸਾਰ ਰੋਗਾਂ ਦੇ ਲੱਛਣ ਪੂਰਣ ਰੂਪ ਤੇ ਮਿਲਦੇ ਹਨ ਪਰ ਏਨ ਸੂਤ੍ਰ ਰੂਪ (ਥੋੜੇ ਵਿਚ), ਓਹਨਾਂ ਤੇ ਜਿੰਨਾਂ ਭੀ ਵਿਸਤਾਰ ਕੀਤਾ ਜਾਏ ਹੋ ਸਕਦਾ ਹੈ ! ਨਮੂਨੇ ਵਾਸਤੇ "ਦੱਦਰ ਖਾਰਸ਼"ਲਵੋ,ਕੁਸ਼ਟ ਰੋਗਾਂ ਦੇ ਵਿਸਥਾਰ ਵਿੱਚ ਲੱਛਨ ਆਦਿ ਦੱਸੇ ਹਨ, ਸ੍ਰੀਰਕ ਵਿੱਚ ਦੱਸਿਆ ਹੈ ਕਿ ਏਹ ਰੋਗ ਫਲਾਣੀ ਖੱਲੜੀ ਵਿਚ ਹੁੰਦੇ ਹਨ । ਕ੍ਰਿਮ ਰੋਗ ਵਿਚ ਦੱਸਿਆ ਹੈ ਕਿ ਫਲਾਣੇ ੨ ਕ੍ਰਿਮ ਇਹ ਰੋਗ ਉਤਪੰਨ ਕਰਦੇ ਹਨ,ਏਨ੍ਹਾਂ ਤਿੰਨਾਂ ਨੂੰ ਮਿਲਾ ਦੇਖਣਨਾਲ ਪਤਾ ਲੱਗਦਾ ਹੈ ਕਿ ਕਿੰਨੀ ਕੁ ਤਸ਼ਰੀਹ ਸੁਦੇਸ਼ੀ ਚਿਕਿ-

ਡਸਾ ਵਿੱਚ ਹੈ ! ਸੰਨ ੧੯੦੦ ਵਿਚ ਤਰਨ ਤਾਰਨ ਦੇ ਪਾਸ ਇੱਕ-ਨਗਰ ਵਿੱਚ ਪਲੇਗ ਪਈ ਤਦ ਦਾਸ ਨੇ ਆਪਣੇ ਨਗਰ ਨਿਵਾਸੀ ਡਾਕਟਰ ਸਾਹਿਬ ਜੀ ਨੂੰ ਕਿਹਾ ਕਿ ਮੈਂ ਇਸ ਰੋਗਦੀ ਪ੍ਰੀਖਯਾ ਵਾਸਤੇ ਇੱਕਦਿਨ ਆਪਦੇ ਸਾਥ ਚੱਲਣਾਂ ਚਾਹੁੰਦਾ ਹਾਂ, ਡਾਕਟਰ ਸਾਹਿਬ ਜੀ ਨੇ ਉਤ੍ਰ ਦਿੱਤਾ ਕਿ:-"ਚਲੋ ਬੇਸ਼ਕ ਪਰ ਇਸ ਇਸ ਤਰਾਂ ਦੀ ਇਹਤਜਾਤ ਕਰ ਲੈਣੀ, ਪਰ ਤੁਸੀ ਦੇਖਕੇ ਕੀਹ ਪ੍ਰੀਖਯਾ ਕਰੋਗੇ, ਤੁਸਾਡੇ ਏਸ ਰੋਗ ਦੀ ਕੀ ਸਮਝ ਹੋ ਸੱਕਦੀ ਹੈ ? ਖ਼ੈਰ, ਡਾਕਟਰ ਸਾਹਿਬ ਜੀਦੀ ਏਸ ਪ੍ਰੇਰਨਾਂ ਨੇ ਦਾਸ ਦੇ ਦਿਲ ਤੇ ਬਹੁਤ ਕੁਝ ਅਸਰ ਕੀਤਾ ਜਿਸ ਤੇ ਫਿਰ ਸੈਂਕੜੇ ਹੀ ਪਲੇਗ ਦੇ ਰੋਗੀ ਥਾਂ ਪਰ ਥਾਂ ਦੇਖਣ ਦਾ ਸਾਂਗਾ ਹੋਇਆ ਅਰ ਆਪਣੇ ਸ੍ਵਦੇਸ਼ੀ ਚਿਕਿਤਸਾ ਸ਼ਾਸਤ੍ਰਾਂਦੀ ਖੋਜ ਕਰਕੇ ਇਕਢੰਗੀ ਪੁਸਤਕ "ਮਹਾਂ ਮਾਰੀ ਦਮਨ" ਏਸ ਰੋਗ ਤੇ ਲਿਖੀ ਜੋ ਪਹਲੇ ਪੰਜਾਬੀ ਭਾਸ਼ਾ ਤੇ ਪੰਜਾਬੀ ਅੱਖਰਾਂ ਵਿਚ ਛਪ ਕੇ ਪ੍ਰਕਾਸ਼ਤ ਹੋਈ ਫਿਰ ਉਰਦੂ ਵਿੱਚ ਜਿਸਦੇ ਪੜ੍ਹਨ ਸੁਣਨ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਰਸ਼ ਦੀ ਚਿਕਿਤਸਾ ਦੇ ਰਹੇ ਖਹੇ ਬਾਕੀ ਪਦਾਰਥ ਅਜੇ ਤਕ ਭੀ ਕਿਸ ਉੱਨਤੀ ਤਕ ਹਨ ਪਰ ਦਬੇ ਪਏ ਹਨ ਖੋਜ ਪੜਤਾਲ ਦੀ ਬੜੀ ਲੋੜ ਹੈ ਇਹ ੪੦ ਚਾਲ੍ਹੀ-ਪੁਸਤਕ ਉਰਦੂ ਭਾਸ਼ਾਦੇ ਦਾਸ ਨੇ 'ਸੈਕ੍ਰੇਟਰੀ ਸਾਹਿਬ ਆਲਇੰਡੀਆ ਵੈਦਕ ਐਂਡ ਯੂਨਾਨੀ ਤਿੱਬੀ ਕਾਨਫ੍ਰੰਸ ਜੀਦੀ ਭੇਟਕੀਤੇਹਨਜੋਯੋਗ ਸਜਣਾਂ ਦੀ ਨਜ਼ਰ ਰਉਪਕਾਰ ਬਰੂਨ ਸੈਕ੍ਰਹਦੀਤਰਾਂਦਾਸਵਲੋਂ ਕਰਦੇਵਨ। ਅਤੇ ਏਹ ੨੫ ਪੁਸਤਕ ਭਾਰਤ ਹਿੰਦੂ ਵੈਦ ਹਕੀਮ ਕਾਨਫ੍ਰੰਸ "ਸ੍ਰੀ ਅੰਮ੍ਰਿਤਸਰ ਜੀ" ਵਿਚ ਭੇਟਾ ਕੀਤੇ ਗਏ ਸਨ.

ਇਸ ਪੁਸਤਕ ਵਿਚ ਇਕ ਲੇਖ ਭਾਰਤ ਮਿੱਤ੍ਰ ਦਾ ਹੈ ਜਿਸ ਦੀ ਹੁਣ ਲੋੜ ਨਹੀਂ ਸੀ ਪਰ ਏਹ ਪੁਸਤਕ ਤਦੋਂ ਦੇ ਹੀ ਛਪੇ ਹੋਏ ਹਨ ਜਦ ਅਜੇਹੀਆਂ ਹਾਸੇ ਵਾਲੀਆਂ ਗੱਲਾਂ ਵਰਤਦੀਆਂ ਸਨ ।

ਏਸੇ ਤਰਾਂ ਹੀ ਰੋਗਾਂ ਦੇ ਲੱਛਨਾਂ ਦੇ ਘਾਟੇ ਵਾਧੇ ਦਾ ਗਯਾਨ ਜੇਹਾ ਸ੍ਵਦੇਸ਼ੀ ਚਿਕਿਤਸਾ ਸ਼ਾਸਤ੍ਰਾਂ ਵਿੱਚ ਹੈ ਇਸ ਦੇ ਮੁਕਾਬਲੇ ਤੇ ਏਹ ਵਡਿਆਈ ਭੀ ਹੋਰ ਕਿਸੇ ਪਾਸੇ ਨਹੀਂ, ਜੇਹਾ ਕਿ:—ਰਾਜ ਯਖਮਾਂ (ਤਪਦਿੱਕ) ਵਿਚ ਕੰਧੇ ਅਰ ਪਸਲੀਆਂ ਵਿਚ ਪੀੜਾਂ, ਹੱਥ ਪੈਰਾਂ ਵਿਚ ਦਾਹ, ਅੱਠੇ ਪਹਰ ਹਲਕਾ ਤਪ, ਜੇ ਏਨ੍ਹਾਂ ਵਿਚੋਂ ਇੱਕ ਭੀ ਪੂਰਣ ਨਹੀਂ ਤਦ ਓਹ ਕਦੇ ਤਪਦਿੱਕ ਨਹੀਂ ਹੈ, ਜੇ ਯਕ੍ਰਿਤ ਵਿਦ੍ਰਧੀ (ਜਿਗਰ ਵਿਚ ਫੋੜਾ) ਹੈ ਤਦ ਦਮੇਂ ਦਾ ਹੋਣਾਂ ਜ਼ਰੂਰੀ ਹੈ। ਜੇ ਰੋਗੀ ਮੇਦਸ੍ਵੀ (ਭਾਰੇ ਸਰੀਰ ਵਾਲਾ) ਨਹੀਂ ਤਾਂ ਉਸਦੇ ਪਸ਼ਾਬ ਵਿਚ ਮਿਠਾਸ ਖ਼ਾਰਜ ਤੇ ਭੀ ਮਧੁਮੇਹ(ਡਾਇਬਟੀਜ਼—ਜ਼ਯਾਬ ਤੀਸ)ਦਾ ਜ਼ਿਕਰ ਕਰਨ ਦੀ ਲੋੜ ਨਹੀਂ ! ਜੇ ਜਲੋਦਰ ਸ਼ੁਰੂ ਹੋਣ ਲੱਗਾਹੈ ਤਾਂ ਜਲ ਪੀਣਾਂ ਛੱਡ ਦਿੱਤਾ ਜਾਵੇ ਰੋਗ ਕਦੇ ਭੀ ਜੋਰ ਨਹੀਂ ਪਾ ਸੱਕੇ ਗਾ। ਏਸੇ ਤਰਾਂ ਜੇ ਉਨਮਾਦ ਰੋਗ ਵਾਲੇ (ਪਗਲੇ—ਸ਼ੁਦਾਈ) ਦੇ ਨੇਤ੍ਰ ਸਥਿਰ ਨਹੀਂ ਹਨ ਇਧਰ ਓਧਰ ਫਿਰਦੇ ਚੰਚਲ ਹਨ ਤਾਂ ਤਦ ਤਕ ਉਸ ਨੂੰ ਕਦੇ ਭੀ ਰਾਜੀ ਨਹੀਂ ਸਮਝਨਾਂ ਚਾਹੀਦਾ, ਆਦਿਕ। ਅਜੇਹੇ ਵਿਚਾਰ ਹੋਰਨਾਂ ਦੇ ਨਹੀਂ ਲੱਭਦੇ।

ਇਸ ਤਰਾਂ ਦਵਾਵਾਂ ਦੇ ਬਦਲਨ ਦਾ ਪ੍ਰਕਾਰ ਜੇ ਏਹ ਨਾਂ ਮਿਲੇ ਤਾਂ ਏਹ ਪਾ ਲਵੋ, ਏਹ ਨਾਂ ਮਿਲੇ ਏਹ ਪਾ ਲਵੋ ਆਦਿਕ ਚਰ ਸਾਡੀ ਸ੍ਵਦੇਸ਼ੀ ਚਿਕਿਤਸਾ ਵਿਚ

ਦੱਸੇ ਹਨ ਤਥਾ ਨੁਸਖਿਆਂ ਵਿਚ ਰੋਗ ਦੀ ਅਜੇਹੀ ੨ ਦਸ਼ਾ ਵਿਚ ਅਜੇਹੀ ੨ ਚੀਜ ਵਧਾ ਲਵੋ ਅਜੇਹੀ ਘਟਾ ਲਵੋ ਤਥਾ ਰੋਗਾਂ ਦੇ ਅੰਸ਼ਾ ਅੰਸ਼ ਮਿਲਾਪ ਦੇ ਭੇਦ ਆਦਕ ਦੱਸੇ ਹਨ, ਹੋਰ ਪਾਸੇ ਅਜੇਹਾ ਗਿਆਨ ਨਹੀਂ ਹੈ।

ਸੰਜੋਗ ਵਿਰੁਧ ਅਰਥਾਤ ਚੀਜਾਂ ਦੇ ਮਿਲਨ ਨਾਲ ਜਿਨ੍ਹਾਂ ਜਿਨ੍ਹਾਂ ਵਿਚ ਔਗੁਣ ਕਰਨ ਵਾਲਾ ਅਸਰ ਉਪਜ ਔਂਦਾ ਹੈ ਜੇਹਾ ਕਿ ਦਹੀਂ ਅਤੇ ਪਨੀਰ ਮਿਲਾਕੇ ਖਾਣ ਨਾਲ ਸੂਲ ਰੋਗ ਹੋ ਜਾਣਦਾ ਡਰ ਹੈ। ਕੇਲੇ ਦੇ ਫਲ ਨਾਲ ਤੇ ਲੱਸੀ ਦਹੀਂ ਦੀ ਪੀਣ ਕਰਕੇ ਮੇਹਦੇ ਦੀ ਦਰਦ ਅਰ ਹੈਜੇ ਦੇ ਹੋ ਜਾਵਨ ਦਾ ਡਰ ਹੈ। ਖਰਬੂਜੇ ਨਾਲ ਦੁਧ ਪੀਵਣ ਤੇ ਹੈਜੇ ਦਾ ਡਰ ਹੈ। ਅੰਡਾ ਮੁਰਗ ਤੇ ਮਛਲੀ ਮਿਲਾ ਕੇ ਖਾਵਨ ਤੋਂ ਬਵਾਸੀਰ, ਸੂਲ, ਲਤਾਂ ਬਾਹਵਾਂ ਦੀ ਦਰਦ ਹੋਵਨ ਦਾ ਡਰ ਹੈ। ਦੁਧ ਜਾਂ ਦੁਧ ਦੀ ਬਣੀ ਕਿਸੇ ਹੋਰ ਚੀਜ਼ ਨਾਲ ਖਟਿਆਈ ਖਾਵਨ ਕਰਕੇ ਨੇਤ੍ਰਾਂ ਦੀ ਜੋਤ ਘਟ ਜਾਂਦੀ ਹੈ। ਮਛਲੀ ਦੇ ਨਾਲ ਦੁਧ, ਜਾਂ ਰਹੁ ਜਾਂ ਸ਼ਹਦ ਵਰਤਨ ਕਰਕੇ ਸ੍ਵੇਤ ਕੁਸ਼ਟ ਆਦਿਕ ਰੋਗ ਹੋ ਜਾਂਦੇ ਹਨ। ਮਾਸ ਨਾਲ ਦੁਧ ਵਰਤਨ ਤੇ ਥਿਮ ਹੋ ਜਾਂਦੇ ਹਨ। ਕਾਂਸੀ ਦੇ ਬਰਤਨ ਵਿਚ ਪਿਆ ਪੁਰਾਣਾ ਘਿਉ ਜ਼ਹਰ ਹੋ ਜਾਂਦਾ ਹੈ। ਬਹੁਤ ਤਰਾਂ ਦੇ ਮਿਲੇ ਹੋਏ ਮਾਸ ਖਾਵਨ ਤੇ ਕੋਹੜ ਆਦਕ ਰੋਗ ਹੋ ਜਾਂਦੇ ਹਨ। ਮੂਲੀ, ਲਸਨ, ਸੁਹਾਂਜਨਾਂ, ਤੁਲਸੀ ਆਦਿ ਖਾ ਕੇ ਉਸੇ ਵੇਲੇ ਦੁਧ ਪੀਣ ਕਰਕੇ ਲਹੂ ਵਿਗੜ ਜਾਂਦਾ ਹੈ ਆਦਕ ਅਜੇਹਾ ਗਿਆਨ ਭੀ ਭਾਰਤ ਵਰਸ਼ੀ (ਆਯੁਰ ਵੇਦੀਯ) ਚਿਕਿਤਸਾ ਜੇਹਾ ਹੋਰ ਕਿਸੇ ਪਾਸੇ ਨਹੀਂ ਹੈ।

ਰੋਗਾਂ ਦੇ ਨਿਦਾਨ ਅਤੇ ਪੱਥਯਾ ਪੱਥ ਭੀ ਲਿਖਾ ਕਿ:—

"ਵਰਜਜੇਦ ਵੇਦਲੰਸ਼ੂਲੀ ਕੁਸ਼ਟੀ ਮਾਂਸਿ ਖ਼ਯ
ਇਸਤ੍ਰਿਯੰ। ਦ੍ਰਵੰ ਅਮਲੰ ਅਤੀਸਾਰੀ ਸਰਵੇਚ
ਤਰੁਣ ਜ੍ਵਰੀ"॥

ਤਥਾ:–"ਕੁਸ਼ਟ ਮਾਸ ਨਵ ਜ੍ਵਰ ਘ੍ਰਿਤ ਸੂਲ ਰੋਗ ਮੈਂ
ਦਾਲ।ਅਤੀਸਾਰਗੇਹੂੰਤਜੋ ਦ੍ਰਿਗ ਰੁਜਮੇਥੁਨਟਾਲ"

ਇਹ ਪ੍ਰਕਾਰ ਭੀ ਹੋਰਥੇ ਦੇਖਣ ਵਿੱਚ ਨਹੀਂ ਔਂਦੇ!

ਏਤਨੀਆਂ ਵਡਿਆਈਆਂ, ਸਫਲਤਾ ਹੰਦੇ ਹੋਏ ਭੀ ਭਾਰਤ ਵਰਸ਼ ਦੀ ਸ੍ਵਦੇਸ਼ੀ ਚਿਕਿਤਸਾ ਦੀ ਹੀਨ ਦਸ਼ਾ ਹੋਵਨ ਦੇ ਕਾਰਨਾਂ ਵੱਲ ਵਿਚਾਰ ਕਰਨ ਤੇ ਪਤਾ ਲੱਗਦਾ ਹੈ ਕਿ:–ਜਦ ਤੋਂ ਭਾਰਤ ਵਰਸ਼ ਵਿੱਚ ਆਪਸ ਦਾ ਵੈਰ ਫੁਟ, ਲੜਾਈ, ਝਗੜੇ, ਬਾਹਰ ਦੇ ਦੁਸ਼ਮਨਾਂ ਦੇ ਹਮਲੇ ਹੋਵਨ ਕਰਕੇ ਸਾਰੇ ਦੇਸ਼ ਵਿਚ ਗੜ ਬੜ ਮਚ ਗਈ ਸੀ, ਜਦ ਭਾਰਤ ਵਾਸੀਆਂ ਨੂੰ ਅਪਣੀ ਜਾਂਨ, ਮਾਲ, ਸੰਤਾਂਨ, ਬਹੂ, ਬੇਟੀਆਂ ਏਥੋਂ ਤਕ ਕਿ ਪ੍ਰਾਣਾਂ ਤੋਂ ਭੀ ਪਿਆਰੇ ਧਰਮ ਦੇ ਭੀ ਲਾਲੇ ਪੈ ਰਹੇ ਸਨ ਤਦ ਤੋਂ ਇਸ ਪਾਸਿਓਂ ਲੋਕਾਂ ਦਾ ਧਿਆਂਨ ਹੀ ਉਲਟ ਗਿਆ। ਇਸ ਦਸ਼ਾ ਵਿਚ ਬਾਹਰ ਦੇ ਆਏ ਚਿਕਿਤਸਕਾਂ ਨੇ ਭੀ ਰਾਜਾ ਦੀ ਮਦਦ ਹੋਵਨ ਤੇ ਆਪਣੀਆਂ ਦਵਾਵਾਂ ਦਾ ਪ੍ਰਚਾਰ ਅਰੰਭਿਆ ਤੇ ਸਾਡੀਆਂ ਸ੍ਵਦੇਸ਼ੀ ਔਖ਼ਧੀਆਂ ਚੰਗੀਆਂ੨ ਹੱਥ ਆਈਆਂ ਆਪਣੇ ਗ੍ਰੰਥਾਂ ਵਿਚ ਸ਼ਾਮਲ ਕਰ ਲਈਆਂ ਜੇਹਾ ਕਿ:–"ਅਲਫ਼ਜ਼ਲ ਅਦਵਜਾ" ਅਤੇ ਕਰਾਬਾਦੀਨ ਕਾਦਰੀ ਵਿਚ ਭਾਰਤੀ ਸ੍ਵਦੇਸ਼ੀ ਚਿਕਿਤਸਾ ਦੇ ਬਹੁਤ ਸਾਰੇ ਨੁਸਖੇ ਜਿਉਂ ਕੇ ਤਿਉਂ ਹੀ ਲਿਖੇ ਹੋਏ ਹਨ ਕਰਾਬਾਦੀਨ ਜ਼ੁਕਾਈ ਵਿਚ ਗੁਲ਼ ਆਸਦੇ ਨੁਸਖੇ ਜੋ ਲਿਖੇ ਹੋਏ ਹਨ ਸਭ ਦੇਸਭ, "ਚਰਕਸੰਹਿਤਾ" ਦੇ ਗੁਰ ਆਸੂਲਾਂਕ

ਮਿਲਦੇਹਨ ਜਿਨ੍ਹਾਂ ਤੋਂ ਪਤਾ ਲੱਗਦਾਹੈ ਕਿ ਹਿੰਦੁਸਤਾਨੀ ਚਿਕਿਤਸਾ ਆਪਣੀ ਅਧੋਗਤੀਦੇ ਸਮੇਂ ਵਿਚ ਭੀ ਹੋਰਨਾਂ ਚਿਕਿਤਸਾ ਤੋਂ ਸਿਰੋਮਣੀ ਸੀ।

ਮਰਹਟਿਆਂ ਦੇ ਸਮੇਂ ਵਿਚ ਧਰਮ ਭਾਵ ਵਿਚਾਰਾਂ ਕਰਕੇ ਕੁਝ ਸਦੇਸ਼ੀ ਚਿਕਿਤਸਾ ਦੀ ਉੱਨਤੀ ਹੋਈ ਸੀ, ਪਰ ਫੇਰ ਛੇਤੀਹੀ ਦੇਸੀ ਚਿਕਿਤਸਾ ਗੁੰਮ ਜੇਹੀ ਹੋ ਗਈ ਅਤੇ ਅਗ੍ਰੇਜ਼ੀ ਰਾਜ ਦੇ ਨਾਲ ਹੀ ਅੰਗ੍ਰੇਜ਼ੀ ਚਿ-ਕਿਤਸਾ ਨੇ ਆ ਡੇਰੇ ਲਾਏ ਤੇ ਭਾਰਤ ਵਾਸੀਆਂ ਨੇ ਅੰਗ੍ਰੇਜ਼ੀ ਰਾਜ ਦੇ ਸੁਖਾਂ ਵਿਚ ਗਦ ਗਦ ਹੋਕੇ ਏਸੇ ਤਰਾਂ ਹੀ ਅੰਗ੍ਰੇਜ਼ੀ ਦਵਾਵਾਂ ਨੂੰ ਸੁਖਦਾਈ ਸਮਝ ਕੇ ਇੱਕ ਦਮ ਦੇਸੀ ਚਿਕਿਤਸਾ ਵਲੋਂ ਮੂੰਹ ਮੋੜਲਏ ! ਤੇ ਚਾਰ ਚੁਫੇਰੇ ਅੰਗ੍ਰੇਜ਼ੀ ਚਿਕਿਤਸਾਦਾਹੀਡੰਕਾ ਵੱਜਣਲਗਗਿਆ।ਦੂਜੇ ਪਾਸੇ ਸ੍ਵਦੇਸ਼ੀ ਚਿਕਿਤਸਾ ਸ਼ਾਸਤ੍ਰ ਗੁੰਮ ਜੇਹੇ ਹੋ ਗਏ ਤੇ ਜਾਂਨਣ ਵਾਲੇ ਭੀ ਅੰਦਰ ਦੀ ਵਿੱਦਯਾ ਅੰਦਰ ਹੀ ਲੈਕੇ ਮਰ ਗਏ। ਅੱਜ ਸ੍ਵਦੇਸ਼ੀ ਚਿਕਿਤਸਾ ਦੇ ਗ੍ਰੰਥ ਅੰਗ੍ਰੇਜ਼ੀ ਰਾਜ ਦੀ ਬਰਕਤ ਚਰਕ, ਸੁਸ੍ਰੁਤ, ਬਾਗਭਟ ਆਦਿ ਭੀ ਪੈਸਿਆਂ ਤੋਂ ਮਿਲਨ ਲੱਗ ਗਏ ਹਨ ਓਸ ਸਮੇਂ ਏਹ ਦੇਖਣ ਵਾਸਤੇ ਭੀ ਨਹੀਂ ਲੱਭਦੇ ਸਨ। ਪਰ ਖੁਸ਼ੀ ਦਾ ਸਮਾਂ ਹੈ ਕਿ ਸ੍ਵਦੇਸੀ ਚਿਕਿਤਸਾ ਆਪਣੀਆਂ ਬਰਕਤਾਂ ਦੇ ਪ੍ਰਭਾਵ ਅਰ ਆਪ ਦੇਸ਼ ਹਿਤਕਾਰੀਆਂ ਦੇ ਧਿਆਨ ਹੋਵਨ ਕਰਕੇ ਬਾਰੰ ਬਾਰ ਗੁੰਮ ਤੇ ਭੁਲ ਦੇ ਪਰਦੇ ਹੇਠ ਦਬ ਜਾਂਵਨ ਤੇ ਭੀ ਫੇਰ ਕ੍ਰਿਪਾਲੂ ਬ੍ਰਿਟਸ਼ ਗੌਰਨ ਮਿੰਟ ਦੀ ਛਤ੍ਰ ਛਾਯਾ ਹੇਠ ਅੱਜ ਕੱਲ ਦੇ ਸਮੇਂ ਵਿੱਚ ਆਪਣੇ ਮੰਦ ਮੰਦ ਪ੍ਰਕਾਸ਼ ਨੂੰ ਪ੍ਰਕਾਸ਼ਤ ਕਰਨ ਲੱਗੀ ਹੈ।

ਭਾਵੇਂ ਦੇਸ ਦੇ ਭੈੜੇ ਭਾਗਾਂ ਨੂੰ ਦੇਸ਼ ਦੇ ਪੱ-

ਵੈਦ ਤੇ ਹਕੀਮ ਮਿਲਕੇ ਸੁਦੇਸੀ ਚਿਕਿਤਸਾ ਦੀ ਉੱਨਤੀ ਦੇ ਵਿਚਾਰਾਂ ਨਾਲ ਅਜੇਹੀਆਂ ਕਾਨਫਰੰਸਾਂ ਭੀ ਹੋਵਨ ਲੱਗ ਗਈਆਂ ਹਨ, ਰਿਸ਼ੀ ਕੇਸ਼ ਵਿੱਚ ਕਾਲੀ ਕੰਬਲੀ ਵਾਲੇ ਬਾਬਾ ਜੀ ਜੇਹੇ ਪ੍ਰੋਪਕਾਰੀ ਪਾਸੋਂ ਖਰਚ ਦੇ ਕੇ ਆਯੁਰਵੇਦ ਵਿਦਯਾਲਯ ਖੋਹਲਣ ਲੱਗੇ ਹਨ ਜਿਸ ਵਿੱਚ ਸ਼ਸਤ੍ਰ ਕ੍ਰਿਆ ਭੀਸਿਖਾਈ ਜਾਵੇਗੀ ਜਿਸਤੋਂ ਆਸ ਹੁੰਦੀ ਹੈ ਕਿ ਹੁਣ ਕੁਝ ਕੁਝ ਸੁਦੇਸ਼ੀ ਚਿਕਿਤਸਾ ਦੀ ਉੱਨਤੀ ਦਾ ਸਮਾਂ ਆ ਗਿਆਹੈ। ਅਨੇਕਾਂ ਦੇਸ਼ਵਾਸੀਆਂ ਦਾ ਪ੍ਰੇਮ ਇਸ ਪਾਸੇ ਹੋ ਰਿਹਾ ਹੈ ਦਿਨੋਂ ਦਿਨ ਕੁਝ ਨਾਂ ਕੁਝ ਉੱਨਤੀ ਹੋ ਹੀ ਰਹੀਹੈ ਪਰ ਜਿੰਨੀਉੱਨਤੀ ਹੋਣੀ ਚਾਹੀਦੀ ਹੈ ਉਸਦਾ ਹਜਾਰਵਾਂ ਹਿਸਾ ਭੀ ਅੱਜੇ ਤਕ ਨਹੀਂ ਅਰ ਨਾ ਹੀਂ ਉੱਨਤੀ ਵਾਸਤੇ ਪੂਰਾ ਰਸਤਾ ਸਾਫ ਹੈ ਜਿਸ ਦੇ ਕਾਰਨਾਂ ਵੱਲ ਕਾਨਫਰੰਸ ਵਲੋਂ ਵਿਸ਼ੇਸ਼ ਧਯਾਨ ਦੇਵਨ ਦੀ ਲੋੜ ਪ੍ਰਤੀਤ ਹੁੰਦੀ ਹੈ, ਉੱਨਤੀ ਦੀ ਰੋਕ ਦੇ ਕਾਰਨ ਦਾਸਦੀ ਤੁਛ ਬੁਧੀ ਵਿਚਜੇਹੜੇ ਆਏ ਹਨ ਸੋਥੋਹੜੇ ਜੇਹੇ ਦਾਸਆਪਣੀਵਜਾਖਜਾਦੀਸਮਾਪਤੀਪਰਬੇਨਤੀਕਰਦਾਹੈ।

(੧)ਪਹਲਾਂ ਕਾਰਨ ਇਹ ਹੈ ਕਿ ਸੁਦੇਸ਼ੀਚਿਕਿਤਸਾਦੇ ਯੋਗਪ੍ਰਚਾਰਦੀਰੁਕਾਵਟਦਾਪਹਲਾਕਾਰਨ"ਰਾਜਾਦੀਪੂਰੀ ਮਦਦਦਾ ਨਾਂ ਹੋਣਾਹੈ,ਰਾਜਾਦੀ ਮਦਦਦੇ ਬਿਨਾਂ ਕੋਈਭੀ ਕਾਰਯ ਵਿਸ਼ੇਸ਼ ਕਰ ਅਜਹੇਕਾਰਯ ਤਾਂ ਮੂਲੋਂ ਹੀ ਸਿਰੇ ਨਹੀਂ ਚੜ੍ਹ ਸੱਕਦੇ ! ਸਿੱਧ ਤੋਂ ਸਿੱਧ ਅਤੀ ਗੁਣਕਾਰ ਦਵਾਈਆਂ ਦੀ ਪਹੁੰਚ ਭੀ ਸਰਕਾਰੇ ਦਰਬਾਰੇ ਨਹੀਂ ਹੋ ਸੱਕਦੀ, ਜੇ ਕਿਸੇ ਹਿੰਮਤੀ ਵੈਦ ਹਕੀਮ ਵਲੋਂ ਕਿਸੇ [illegible]ਸਰਦਾ ਧਿਆਨ ਦਿਵਾਇਆ ਭੀ ਜਾਵੇ ਤਦਹੁਕਮ ਹੋਇਆ[illegible]ਹੈ ਕਿ ਕਿਸੇ ਡਾਕਟਰ ਅਫ਼ਸਰ ਦੀ ਤਸਦੀਕ ਤੇ

ਸਿਫ਼ਾਰਸ਼ ਦਿਓ, ਡਾਕਟਰ ਸਾਹਿਬਾਂ ਦੇ ਆਪ ਹੀ ਏਧਰ ਦਾ ਗਜਾਨ ਨਾਂ ਹੋਵਨ ਤੇ ਦੇਸੀ ਦਵਾਵਾਂ ਨਾਲ ਵੱਡੀ ਨਫ਼ਰਤ ਕੀਤੀ ਜਾਂਦੀ ਹੈ ਤੇ ਸ੍ਵਦੇਸ਼ੀ ਵੈਦਾਂ ਤੇ ਹਕੀਮਾਂ ਨਾਲ ਅਨਾਦਰ ਦਾ ਵਰਤਾਉ ਕੀਤਾ ਜਾਂਦਾ ਹੈ ਜਿਸ ਤੇ ਆਪ ਭੀ ਰੁਕਦੇ ਹੋਏ ਵਰਤਾਉ ਕੀਤਾ ਜਾਂਦਾਹੈ। ਹਾਲਾਂ ਕਿ ਪਰਮ ਕ੍ਰਿਪਾਲੂ ਸਰਕਾਰ ਵੱਲੋਂ ਜਿੰਨਾ ਖ਼ਰਚ ਲੋਕਾਂ ਦੀ ਅਰੋਗਤਾ ਦੀ ਰਾਖੀ ਅਰ ਬੀਮਾਰਾਂ ਦੇ ਇਲਾਜ ਵਾਸਤੇ ਹਸਤਪਤਾਲਾਂ ਤੇ ਡਾਕਟਰਾਂ ਦਾ ਕੀਤਾ ਜਾਂਦਾ ਹੈ. ਜੇ ਦੇਸੀ ਹਕੀਮਾਂ ਤੇ ਵੈਦਾਂ ਵਲੋਂ ਸੰਕੋਚ ਹੋ ਜਾਵੇ ਜਾਂ ਇਹ ਰੁਕ ਜਾਵਣ ਤਦ ਹੁਣ ਨਾਲੋਂ ਵੀਹ ਗੁਣਾਂ ਖਰਚ ਕਰਕੇ ਭੀ ਪਰਮ ਕ੍ਰਿਪਾਲੂ ਸਰਕਾਰ ਵਲੋਂ ਲੋਕਾਂ ਦਾ ਏਨਾਂ ਭਲਾ ਨਾਂ ਹੋ ਸੱਕੇ, ਏਸ ਤੇ ਏਸ ਔਕੜ ਨੂੰ ਦੂਰ ਕਰਨ ਵੱਲ ਖਾਸ ਧਿਆਨ ਦੀ ਲੋੜ ਹੈ।

(੨) ਦੂਜਾ ਕਾਰਨ ਏਹਹੈ ਕਿ ਸਾਡੇ ਸਾਰੇਦੇਸੀਆਂ ਦਾ ਸ੍ਵਦੇਸ਼ੀ ਚਿਕਿਤਸਾ ਦੀ ਉੱਨਤੀ ਵਾਸਤੇ ਸਾਂਝਾ ਬਲ ਖਰਚ ਨਹੀਂ ਹੁੰਦਾ ਅਰ ਨਾਂ ਹੀ ਆਪਸ ਵਿੱਚ ਮਿਲਾਪ ਨਾਲ ਵਿਚਾਰ ਕੀਤੇ ਜਾਂਦੇ ਹਨ ਜਿਥੇ ਵੀਹਵੀਹ ਡਾਕਟਰ ਬੈਠ ਕੇ ਆਪੋ ਆਪਣੀ ਵਿਚਾਰ ਤਥਾ ਇੱਕ ੨ ਰੋਗੀ ਤੇ ਮਿਲਾਪ ਨਾਲ ਰੋਗ ਔਖ਼ਧੀ ਦਾ ਨਿਰਨਾਂ ਕਰਦੇ ਹਨ ਉਥੇ ਅਸੀ ਇੱਕ ਦੂਜੇ ਨੂੰ ਦੇਖ ਕੇ ਕ੍ਰੋਧ ਵਿਚ ਭਰ ਜਾਂਦੇ ਹਾਂ, ਇਹ ਵਰਤਾਰਾ ਬੜੀ ਛੇਤੀ ਸੁਧਾਰਨ ਦੀ ਲੋੜ ਹੈ।

(੩) ਤੀਜਾ ਸਾਡੇ ਬਹੁਤ ਸਾਰੇ ਬਜ਼ੁਰਗ ਪ੍ਰਾਚੀਨ ਤਥਾ ਨਵੀਨ ਵਿੱਦਜਾਵਾਨ ਆਪੋ ਆਪਣੇ ਤਜਰਬੇ ਹਿਰਦੇ ਵਿੱਚ ਹੀ ਦੱਬਰਖਦੇ ਹਨ, ਨਾਂ ਲਿਖ ਰੱਖਦੇ ਹਨ ਤੇ ਨਾਂਲੋਕ ਵੈਦਾਂ ਨੂੰ ਦੱਸਦੇ ਹਨ।

(੪) ਚੌਥਾ ਬਹੁਤ ਸਾਰੇ ਮੂਰਖ, ਅਨਪੜ੍ਹ, ਅਸਿੱਖ ਬਦੋ ਬਦੀ ਦੇ ਵੈਦ ਹਕੀਮ ਬਣ ਕੇ ਸੰਸਾਰ ਵਾਸਤੇ ਦੁਖ ਦੇ ਵਾਧੇ ਦਾ ਕਾਰਨ ਤੇ ਸ੍ਵਦੇਸ਼ੀ ਚਿਕਿਤਸਾ ਦੇ ਪ੍ਰਚਾਰ ਵਿੱਚ ਰੋਕ ਦਾ ਕਾਰਨ ਹੁੰਦੇ ਹਨ ਜਿਨ੍ਹਾਂ ਵਾਸਤੇ ਸ਼ਾਸਤ੍ਰਾਂ ਵਿਚ ਭੀ "ਨਾਂ ਭਿਗੰਯਾਯਸ਼ੁ ਸ਼ਾਸਤ੍ਰਾਣਿ ਭੇਖਜੈਕੁਰਤੇ ਭਿਖਕ। ਯਮਏਵਸ ਵਿਗਯੋਓ ਮਰਤਜਾਨਾਂ ਮਰਤ ਰੂਪ ਧ੍ਰਿਕ" ਲਿਖਿਆ ਹੈ। ਅਰਥਾਤ ਜੇਹੜੇ ਵੈਦਕ ਸ਼ਾਸਤ੍ਰਾਂ ਨੂੰ ਨਹੀਂ ਜਾਣਦੇ ਤੇ ਦਵਾਵਾਂ ਕਰਨ ਲੱਗ ਜਾਂਦੇ ਹਨ ਓਹਨਾਂ ਨੂੰ ਜਮ ਦਾ ਰੂਪ ਜਾਣੋਂ, ਰੋਗੀਆਂ ਵਾਸਤੇ ਓਹ ਆਪ ਹੀ ਮੌਤ ਦਾ ਸਰੂਪ ਹਨ। ਚਰਕ ਵਿਚ ਲਿਖਿਆ ਹੈ ਕਿ— ਭਯਾਨਕ ਤੋਂ ਭਯਾਨਕ ਵਿਖ—ਅੱਗ ਦੇ ਅੰਗਯਾਰ—ਬਿੰਦ੍ਰ ਦਾ ਬੱਜ੍ਰ ਖਾ ਲੈਣਾਂ ਚੰਗਾ ਪਰ ਮੂਰਖ ਵੈਦ ਹਕੀਮ ਦੀ ਦਵਾ ਖਾਣੀ ਬਹੁਤ ਬੁਰੀ ਹੈ। ਅਖਾਵਤ ਹੈ ਕਿ "ਰੱਬ ਦਾ ਮਾਰਿਆ ਬਚ ਜਾਵੇ ਤਾਂ ਬਚ ਜਾਵੇ ਪਰ ਮੂਰਖ ਵੈਦ ਹਕੀਮਾਂ ਦਾ ਮਾਰਿਆ ਕਦੇ ਨਹੀਂ ਬਚ ਸਕਦਾ" ਅਜੇਹੇ ਲੋਭੀ ਹੀ ਯੋਗ ਸੱਜਨਾਂ ਦੇ ਅਨਾਦਰ ਦਾ ਕਾਰਨ ਬਣਦੇ ਹਨ ਜਿਨ੍ਹਾਂ ਦੇ ਪ੍ਰਚਾਰ ਜਾਂ ਰੋਕ ਦੇ ਸਾਧਨ ਹੋਣੇ ਜਰੂਰੀ ਹਨ

(੫) ਪੰਜਵਾਂ ਕਾਰਨ ਏਹ ਹੈ ਕਿ ਸਾਡੇ ਬਹੁਤ ਸਾਰੇ ਭਰਾ ਮ੍ਰਿਯਾਦਾ ਅਨੁਸਾਰ ਦਵਾਵਾਂ ਤਿਆਰ ਕਰਨ ਤੋਂ ਆਲਸੀ ਹੋ ਕੇ ਸ੍ਵਦੇਸ਼ੀ ਦੇ ਪਰਦੇ ਹੇਠ ਬਦੇਸ਼ੀ ਦਵਾਵਾਂ ਵਰਤ ਕੇ ਆਪਣੇ ਆਪ ਵੈਰੀ ਬਣਦੇ ਹਨ। ਜਿਨ੍ਹਾਂ ਦੇ ਲਹਾ ਚੜ੍ਹਾ ਤੇ ਅਸਲੇ ਦੀ ਵੀ ਉਨ੍ਹਾਂ ਨੂੰ ਖਬਰ ਨਹੀਂ ਹੁੰਦੀ

(੬) ਛੇਵਾਂ ਕਾਰਨ ਇਹ ਹੈ ਕਿ ਸ੍ਵਦੇਸ਼ੀ ਚਿਕਿਤਸਾ ਦੇ ਗ੍ਰੰਥ ਬਹੁਤੇ ਕਠਿਨ ਭਾਸ਼ਾਂ ਵਿੱਚ ਹਨ ਸੋ ਸਭ ਦੇਸ਼ੀ

ਵਿੱਚ ਓਹਨਾਂ ੨ ਦੇਸ਼ਾਂ ਦੀਆਂ ਬੋਲੀਆਂ ਵਿਚ ਪ੍ਰਚਾਰ ਦੀ ਲੋੜ ਹੈ।

(੭) ਸੱਤਵਾਂ ਇਹ ਹੈ ਕਿ ਸਾਡੇ ਬਹੁਤ ਸਾਰੇ ਦੇਸ਼ ਵਾਸੀ ਸਭਨਾਂ ਹੀ ਪੁਰਾਣੀਆਂ ਬਾਤਾਂ ਵਲੋਂ ਨਕ ਚਾੜ੍ਹਦੇ ਹਨ, ਨਾਲ ਹੀ ਆਪਣੇ ਸੁਭਾਵ ਅਨੁਸਾਰ ਸੁਦੇਸ਼ੀ ਚਿਕਿਤਸਾ ਵਲੋਂ ਭੀ ਅਜੇਹੇ ਸੱਜਨਾਂ ਦੀ ਰੁਚੀ ਏਧਰ ਫੇਰਨ ਵਾਸਤੇ ਪ੍ਰੀਤੀ ਪ੍ਰੇਰਨਾਂ ਦੀ ਲੋੜ ਹੈ।

(੮) ਅੱਠਵਾਂ ਇਹ ਕਿ ਸਾਡੇ ਵਿੱਦਯਾ ਤੇ ਅਭ੍ਯਾਸ ਪ੍ਰਾਪਤੀ ਵਾਸਤੇ ਕੋਈ ਯੋਗ ਸਾਧਨ ਨਹੀਂ ਹਨ, ਇਸ ਵਾਸਤੇ ਪ੍ਰਧਾਨ ਔਸ਼ਧਾਲਯ, ਚਿਕਿਤਸਾਲਯ, ਪੁਸਤਕਾਲਯ, ਵਿਦਯਾਲਯ ਅਰ ਹਿਕਮਤ ਸੰਬੰਧੀ ਨੁਮਾਇਸ਼ਾਂ ਚੰਗੀ ਉੱਨਤ ਦਸ਼ਾ ਵਿਚ ਹੋਵਨ ਦੀ ਲੋੜ ਹੈ, ਜਦ ਤੋਂ ਆਲ ਇੰਡੀਆ ਵੈਦਕ ਐਂਡ ਯੂਨਾਨੀ ਤਿੱਬੀ ਕਾਨਫ੍ਰੰਸ ਵਲੋਂ ਨੁਮਾਇਸ਼ ਅਰੰਭ ਹੋਈ ਹੈ ਤਦ ਤੋਂ ਅਨੇਕਾਂ ਵੈਦ ਅਤੇ ਹਕੀਮ ਪ੍ਰੀਖਿਆ ਵਾਸਤੇ ਲਾਭ ਉਠਾ ਰਹੇ ਹਨ। ਇਸ ਤਰਾਂ ਹੋਰ ਭੀ ਅਨੇਕਾਂ ਕਾਰਨ ਹਨ ਜਿਨ੍ਹਾਂ ਵੱਲ ਉੱਨਤੀ ਦੇ ਪ੍ਰੇਮੀਆਂ ਨੂੰ ਵਿਸ਼ੇਸ਼ ਧਿਆਨ ਦੇਵਨ ਦੀ ਲੋੜ ਹੈ।

ਆਸ ਹੈ ਕਿ ਜੇ ਏਸੇ ਤਰਾਂ ਸੁਦੇਸ਼ੀ ਚਿਕਿਤਸਾ ਦੇ ਹਾਮੀਆਂ ਵਲੋਂ ਉੱਦਮ ਲਗਾਤਾਰ ਹੁੰਦਾ ਰਿਹਾ, ਤੇ ਏਸੇ ਤਰਾਂ ਦੇਸ਼ ਹਿਤਕਾਰੀ ਬਜ਼ੁਰਗਾਂ ਵਲੋਂ ਮਿਲ ਕੇ ਦੇਸ਼ ਦੇਸ਼ਾਂਤ੍ਰਾਂ ਦੇ ਵੈਦਾਂ ਹਕੀਮਾਂ ਨੂੰ ਨਾਲ ਮਿਲਾ ਕੇ ਉੱਨਤੀ ਦੇ ਵਿਚਾਰ ਹੁੰਦੇ ਰਹੇ ਤਦ ਛੇਤੀ ਹੀ ਓਹ ਦਿਨ ਨੇੜੇ ਆ ਪਹੁੰਚਣਗੇ ਜਦੋਂ ਸੁਦੇਸ਼ੀ ਚਿਕਿਤਸਾ ਉੱਨਤੀ ਦੇ ਸਿਖਰ ਪਹੁੰਚਣ ਯੋਗ ਹੋ ਜਾਵੇਗੀ। ਕ੍ਰਿਪਾਲੂ ਸਰਕਾਰ ਵਲੋਂ ਯੋਗਤਾ ਅਨੁਸਾਰ ਸਹਾਇਤਾ ਪ੍ਰਾਪਤ ਹੋਵੇਗੀ

ਵਾਸੀਆਂ ਦੀ ਰੁਚੀ ਫੇਰ ਪਹਲੇ ਦੀ ਤਰਾਂ ਹੀ ਸ੍ਵਦੇਸ਼ੀ ਚਿਕਿਤਸਾ ਵੱਲ ਹੋ ਆਵੇ ਗੀ। ਅਕਾਲ ਪੁਰਖ ਜੀ ਕਰਨ ਕਿ ਛੇਤੀ ਹੀ ਇਹ ਦਿਨ ਵੇਖਣੇਂ ਨਸੀਬ ਹੋਵਨ ਅਰ ਏਹ ਅਮਨ ਦਾ ਰਾਜ ਜਿਸਦੀ ਬਰਕਤ ਹਰ ਇਕ ਆਪੋ ਆਪਣੀ ਪੂਰਨ ਉੱਨਤੀ ਦੇ ਯੋਗ ਸਾਧਨ ਸ੍ਵਤੰਤ੍ਰਤਾ ਨਾਲ ਕਰ ਸੱਕਦਾ ਹੈ ਸਦਾ ਅਟੱਲ ਅਰ ਵਧਦਾ ਫੁਲਦਾ ਰਹੇ।

ਅੰਤ ਤੇ ਦਾਸ ਆਪਣੀਆਂ ਭੁਲਾਂ ਅਤੇ ਬਹੁਤ ਸਾਰਾ ਆਪ ਸੱਜਣਾਂ ਦਾ ਸਮਾਂ ਲੈਣ ਦੀ ਖਿਮਾਂ ਮੰਗਦਾ ਹੋਇਆ ਸਨਮਾਨ ਸਹਿਤ ਸਮਾਪਤੀ ਦੀ ਆਗਿਆ ਮੰਗਦਾ ਹੇ।

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ।
ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਵੈਦਕ ਸ਼ਸਤ੍ਰ ਨਾਮ		ਡਾਕਟਰੀ ਨਾਮ
ਗ੍ਰਭਸ਼ੰਕੁਯੰਤ੍ਰ	Hook	ਹੁਕੱਸ
ਜਲੋਦਰ ਯੰਤ੍ਰ	Canula	ਕੈਨੂਲਾ
ਮੁਦ੍ਰਿਕਾਯੰਤ੍ਰ	Trocar	ਟ੍ਰੋਕਾਰ
ਕਰਪਤ੍ਰ	Bone saw	ਬੋਨਸਾਅ
ਅਰਸ਼ੋਯੰਤ੍ਰ	Rectol speculam	ਰੈਕਟਲਸਪੇਕੁਲਮ
ਅੰਗੁਲੀਤ੍ਰਾਣਯੰਤ੍ਰ	Fingershield	ਫਿੰਗਰਸ਼ੀਲਡ
ਸੂਚੀਯੰਤ੍ਰਾਣਿ	Needles	ਨੀਡਲਜ਼
ਏਕ ਡਾਲਯੰਤ੍ਰ	Hooks	ਹੁਕੱਸ

ਕ੍ਰਿਪਾਲੂ ਗੁਰਨਮੈਂਟ ਵੱਲੋਂ ਸਨਮਾਨ !

ਸਹਿਤ ਦੋ ਸੌ ਰੁਪਏ ਦਾ ਇਨਾਮ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਦੀਆਂ ੧੯੧੨ ਵਿੱਚ ਛਪੀਆਂ ਪੁਸਤਕਾਂ ਨਾਲ ਹੀ ਮਿਲਿਆ ਸੀ, ਇਨ੍ਹਾਂ ਵਿੱਚੋਂ ਹੀ ਛੇਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੇ ਪਰਧਾਨ ਜੀ ਦੀ ਭੇਟਾ ਕੀਤੀਆਂ ਗਈਆਂ ਸਨ, ਸੋ ਪਾਠਕ ਜੀ ! ਤੁਸੀ ਭੀ ਏਸ ਲੜੀ ਦੇ ਪੁਸਤਕ ਤਨ, ਮਨ, ਧਨ, ਆਤਮਾ ਪ੍ਰਵਾਰ, ਸੰਬੰਧੀਆਂ ਅਤੇ ਸੱਜਣਾਂ ਮਿੱਤ੍ਰਾਂ ਦੇ ਹਿਤ ਵਾਸਤੇ ਜੋ ਪੜ੍ਹਨ ਸੁਣਨ ਯੋਗ ਅਤੀ ਉੱਤਮ ਹਨ, ਜ਼ਰੂਰ ਨਮੂਨਾ ਮਾਤ੍ਰ ਖਰੀਦ ਕਰੋ। ਏਸ ਲੜੀ ਦੀਆਂ ਪੁਸਤਕਾਂ ਦੀ ਉੱਤਮਤਾ ਇਨ੍ਹਾਂ ਦੇ ਲੇਖਕ ਤੇ ਪ੍ਰਕਾਸ਼ਕ ਦੇ ਨਾਮ ਤੋਂ ਹੀ ਪ੍ਰਤੀਤ ਹੋ ਸਕਦੀ ਹੈ, ਜੋ ਪੰਜਾਬੀ ਦੇ ਪ੍ਰਸਿੱਧ ਸੇਵਕ ਭਾਈ ਮੋਹਨ ਸਿੰਘ ਜੀ ਵੈਦ ਮਿਉਨਿਸਿਪਲ ਕਮਿਸ਼ਨਰ ਤਰਨ ਤਾਰਨ ਐਡੀਟਰ ਦੁਖ ਨਿਵਾਰਨ ਪਤ੍ਰ ਹਨ। ਪੁਸਤਕਾਂ ਦਾ ਸੂਚੀ ਪਤ੍ਰ ਅੱਡ ਮੰਗਵਾਕੇ ਦੇਖ ਲਵੋ।

ਸਜਣਾਂ ਦੇ ਵਿਚਾਰ

ਹਨ ਕਿ ਪੰਜਾਬੀ ਬੋਲੀ ਤੇ ਗੁਰਮੁਖੀ ਅੱਖਰਾਂ ਵਿਚ ਹਜ਼ਾਰਾਂ ਹੀ ਪੁਸਤਕਾਂ ਸੁੰਦਰ ਅਤੀ ਉੱਤਮ ਤੇ ਸਭ ਤਰਾਂ ਦੀ ਲੋੜ ਦੀਆਂ ਨਵੀਆਂ ਪ੍ਰਕਾਸ਼ਤ ਕੀਤੀਆਂ ਜਾਵਨ, ਸੋ ਪਹਲੀਆਂ ਵਿਕ ਜਾਵਨ ਪਰ ਹੀ ਹੋਰ ਛਪ ਸਕਦੀਆਂ ਹਨ, ਇਸੇ ਤੇ ਅਸੀ ਵਧ ਤੋਂ ਵਧ ਰਿਆਇਤ ਦੇਣ ਵਾਸਤੇ ਤਿਆਰ ਹਾਂ, ਪੰਜਾਬੀ ਦੇ ਹਿਤਕਾਰੀ ਉਦਮ ਕਰਨ ਤਦ ਪੰਜਾਬੀ ਦਾ ਭੰਡਾਰ ਬਹੁਤ ਕੁਝ ਪੂਰਨ ਹੋ ਸਕਦਾ ਹੈ ॥ ਦਾਸ—ਸੰਤ ਸਿੰਘ ਮੈਨੇਜਰ ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ ਤਰਨ ਤਾਰਨ (ਪੰਜਾਬ)

ਦੂਖ ਨਿਵਾਰਨ ਮਾਸਕ ਪਤ੍ਰ !

ਸ੍ਰੀ ਗੁਰੂ ਕਲਗੀਧਰ ਪਿਤਾ ਜੀ ਦੇ ਅਵਤਾਰ ਦਿਨ ੧ ਜਨਵਰੀ ੧੯੦੬ ਤੋਂ ਪ੍ਰਕਾਸ਼ਤ ਹੋਕੇ ਹਰ ਅੰਗ੍ਰੇਜ਼ੀ ਮਹੀਨੇ ਦੇ ਪਹਲੇ ਹਫਤੇ ਨਿਕਲਨ ਵਾਲਾ ਸਭ ਤੋਂ ਸਸਤਾ ਨਿਰਾਲੇ ਢੰਗ ਦਾ ਹਰ ਕੌਮ ਦੇ ਬਾਲ ਬ੍ਰਿਧ ਜਵਾਨ ਇਸਤ੍ਰੀ ਸਭ ਵਾਸਤੇ ਪਰਮ ਲਾਭਕਾਰੀ ਹੈ; ਇਸ ਵਿਚ ਸਰੀਰਕ, ਮਾਨਸਕ, ਆਤਮਕ, ਧਾਰਮਕ, ਭਾਈਚਾਰਕ ਅਤੇ ਦੇਸ਼ਦੀ ਦਸ਼ਾ ਦੇ ਸੁਧਾਰ ਤੇ ਗੁਰਮਤ ਦੇ ਉੱਤਮ੨ ਲੇਖ ਆਯੁਰ ਵੇਦ (ਹਿਕਮਤ) ਦਾ ਪ੍ਰਚਾਰ, ਸੁਖੱਲੇ ਟੋਟਕੇ ਇਲਾਜ, ਸਾਂਝੇ ਹਿਤਕਾਰੀ ਉਪਦੇਸ਼, ਇਸਤ੍ਰੀ ਸੁਸਿਖ੍ਯਾ, ਨੀਤੀ ਵਾਰਤਾ, ਆਤਮ ਵਿਦ੍ਯਾ, ਅਨੋਖੀਆਂ ਤੇ ਜ਼ਰੂਰੀ ਖਬਰਾਂ, ਸਿੱਖ੍ਯਾ ਭਰੀਆਂ ਸਵਾਦਲੀਆਂ ਨਾਵਲਾਂ ਆਦਿਕ ਅਨੇਕ ਸੁੰਦਰ ੨ ਲੇਖ ਤੇ ਸਿਲਸਲੇਵਾਰ ਅਤੀ ਉੱਤਮ ਲੋੜਵੰਦੇ ਪੁਸਤਕ ਪ੍ਰਕਾਸ਼ਤ ਹੁੰਦੇ ਹਨ । ਪੱਤ੍ਰ ਭੀ ਖਾਸੀ ਕਿਤਾਬ ਜਿਨਾਂ ੫੦ ਸਫ਼ੇ ਦੇ ਕਰੀਬ ਹੁੰਦਾ ਹੈ, ਸੰ: ੧੯੧੨-੧੩ ਵਿਚ ਪਤ੍ਰ ਨਾਲ ਸਵਾ ਸਵਾ ਰੁਪਏ ਦੇ ਕਰੀਬ ਕੀਮਤ ਦੀਆਂ ਸੁੰਦਰ ੨ ਪੁਸਤਕਾਂ ਖਰੀਦਾਰਾਂ ਨੂੰ ਪਹੁੰਚੀਆਂ ਹਨ ਅਗੇ ਨੂੰ ਇਸ ਤੋਂ ਭੀ ਵਧੀਕ ਪੁਸਤਕਾਂ ਪਹੁੰਚਨਗੀਆਂ ! ਆਪਣੇ ਬਹੁਤ ਸਾਰੇ ਰੁਪਏ ਅਤੇ ਸਮੇਂ ਦਾ ਨੁਕਸਾਨ ਉਠਾਕੇ ਕੇਵਲ ਪ੍ਰਚਾਰ ਵਾਸਤੇ ਕੀਮਤ ਲਾਗਤ ਤੋਂ ਭੀ ਬਹੁਤ ਘੱਟ ਸਣੇ ਡਾਕ ਖਰਚ ਕੇਵਲ ॥≡) ਟਾਪੂ ਨਿਵਾਸੀਆਂ ਤੋਂ ।||≡) ਸਾਲ ਪੇਸ਼ਗੀ ਲਈ ਜਾਂਦੀ ਹੈ, ਵੀ.ਪੀ ਦ੍ਵਾਰਾ ।||–) ਹਰ ਇਕ ਸੱਜਨ ਨੂੰ ਇਸਦਾ ਖ੍ਰੀਦਾਰ ਬਣਕੇ ਤੇ ਬਨਾਕੇ ਲਾਭ ਉਠਾਉਣਾਂ ਤੇ ਹਿਤਕਰਣਾ ਚਾਹੀਦਾ

ਸਭ ਤਰਾਂ ਦੀ ਲਿਖਤ ਪੜ੍ਹਤ ਦਾ ਪਤਾ-ਮੋਹਨ ਸਿ
ਮਾਲਕ "ਦੂਖ ਨਿਵਾਰਨ ਪਤ੍ਰ" ਤਰ

ਪਸੂ ਮਿਲੇ ਚੰਗਿਆਈਆ ਖੜ ਖਾਇ ਅੰਮ੍ਰਿਤ ਦੇਹਿ ।
ਨਾਮ ਵਿਹੂਣੇ ਆਦਮੀ ਧ੍ਰਿਗ ਜੀਵਨ ਕਰਮ ਕਰੇਹਿ ॥

ਸੁਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰਬ੍ਰ ੨੫

ਗਊ ਪਦਾਰਥ ਗੁਣ ਸੰਗ੍ਰਹ

ਸੰਪਾਦਕ ਤੇ ਪ੍ਰਕਾਸ਼ਕ

ਭਾਈ ਮੋਹਨ ਸਿੰਘ ਵੈਦ

ਮਿਉਨਸਿਪਲ ਕਮਿਸ਼ਨਰ
ਤਰਨ ਤਾਰਨ (ਪੰਜਾਬ)

ਜਨਵਰੀ ੧੯੧੩

ਪਹਿਲੀ ਵਾਰ ੧੫੦੦ ਭੇਟਾ ਦੋ ਆਨੇ =)

ਪਸੂ ਮਿਲੇ ਚੰਗਿਆਈਆ। ਖੜ ਖਾਵੇ ਅੰਮ੍ਰਿਤ ਦੇਹਿ।
ਨਾਮ ਵਿਹੂਣ ਆਦਮੀ ਧ੍ਰਿਗ ਜੀਵਣ ਕਰਮ ਕਰੇਹਿ।

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰਬ੍ਰ ੨੫

ਗਊ ਪਦਾਰਥ ਗੁਣ ਸੰਗ੍ਰਹਿ

ਜਿਸ ਵਿਚ

ਕੇਵਲ ਗਊ ਦੇ ਦੁਧ, ਦਹੀਂ, ਮੱਖਨ, ਮਠਾ ਘਿਉ ਗਮੂਤ੍ਰ ਆਦਿ ਨਾਲ ਹੀ ਸਭ ਤਰਾਂ ਦੇ ਰੋਗਾਂ ਦੇ ਹਟੌਣ ਦੇ ਉਪਾਵ ਦਸੇ ਗਏ ਹਨ।

ਲੇਖਕ ਤੇ ਪ੍ਰਕਾਸ਼ਕ

ਭਾਈ ਮੋਹਨ ਸਿੰਘ ਵੈਦ

ਮਿਉਨਸਿਪਲ ਕਮਿਸ਼ਨਰ
ਤਰਨ ਤਾਰਨ (ਪੰਜਾਬ)

ਜਨਵਰੀ ੧੯੧੩ ਵਿੱਚ

ਵਜ਼ੀਰ ਹਿੰਦ ਪਰੈਸ ਅੰਮ੍ਰਿਤਸਰ ਵਿੱਚ ਭਾਈ ਬਹਾਦਰ ਸਿੰਘ ਮੈਨੇਜਰ ਦੇ ਯਤਨ ਨਾਲ ਛਪਵਾ ਕੇ ਪਰਕਾਸ਼ਤ ਕੀਤਾ।

ਪਹਿਲੀ ਵਾਰ ੧੫੦੦   ਭੇਟਾ ਦੋ ਆਨੇ

੧ ਓਅੰਕਾਰ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਬੇਨਤੀ !

ਅਰੋਗਤਾ ਦੀ ਰਾਖੀ ਦੇ ਨਿਯਮਾਂ ਅਰ ਰੋਗਾਂ ਦੇ ਸਧਾਰਨ ਉਪਾਵਾਂ ਦੇ ਗਜਾਨ ਦੇ ਬਿਨਾਂ ਅੱਜ ਕੱਲ ਸਰਬ ਸਾਧਾਰਨ ਵਿਚ ਰੋਗਾਂ ਦਾ ਭਯਾਨਕ ਵਾਧਾ ਦੇਖਣ ਵਿਚ ਔਂਦਾ ਹੈ। ਇਸਤੇ ਵੈਦਕ (ਹਿਕਮਤ) ਵਿਦਯਾ ਦੇ ਪ੍ਰਚਾਰ ਦੀ ਬੜੀ ਹੀ ਲੋੜ ਪ੍ਰਤੀਤ ਹੁੰਦੀ ਹੈ। ਵਿਸ਼ੇਸ਼ ਕਰ ਅਜੇਹੀਆਂ ਦਵਾਈਆਂ–ਜੋ ਕਿਸੇ ਨੂੰ ਕਸਤੂਰੀਆਂ ਦਾ ਦੁਖ ਨਾਂ ਦੇਵਨ ਤੇ ਸਭ ਥਾਈਂ ਮਿਲ ਸਕਣ–ਦਾ ਪਕਾਸ਼ਤ ਹੋਣਾਂ ਵਧੇਰੇ ਲਾਭਵੰਦ ਹੈ। ਇਸੇ ਵਿਚਾਰ ਅਨੁਸਾਰ ਹੀ ਆਯੁਰ ਵੇਦ ਮਹਾਮਹੋਪਾਧਯਾਯ ਸ਼ਾਮਤ੍ਰੀਯ ਦੇ ਕ੍ਰਿਤ "ਗੋਰਸਾਦਿ ਔਸ਼ਧੀ" ਨਾਮੇ ਬੰਗਾਲੀ ਪੁਸਤਕ ਦੇ ਹਿੰਦੀ ਉਲਥੇ "ਘਰ ਕਾ ਵੈਦ" ਸ੍ਰੀ ਮਤੀ ਯਸ਼ੋਦਾ ਬਾਈ ਪ੍ਰਯਾਗ ਦੀ ਲਿਖੀ ਪੁਸਤਕ ਦੇ ਆਧਾਰ ਤੇ ਇਹ ਪੁਸਤਕ "ਗਊ ਪਦਾਰਥ ਗੁਣ ਸੰਗ੍ਰਹਿ" ਸ੍ਵਦੇਸ਼ ਭਾਸ਼ਾ ਵਿਚ ਪਕਾਸ਼ਤ ਕੀਤੀ ਗਈ ਹੈ। ਇਸ ਵਿਚ ਹਰ ਭਾਂਤ ਦੇ ਰੋਗਾਂ ਦੀਆਂ ਦਵਾਵਾਂ ਕੇਵਲ ਗਊ ਦੇ ਦੁੱਧ, ਦਹੀਂ, ਘਿਉ, ਮੂਤਰ ਆਦਿ ਨਾਲ ਹੀ ਕਰਨ ਦੇ ਢੰਗ ਦੱਸੇ ਗਏ ਹਨ, ਜਿਸਤੋਂ ਇਹ ਭੀ ਪਤਾ ਲਗਦਾ ਹੈ ਜੋ ਗਊ ਜੇਹਾ ਉਪਕਾਰੀ ਜੀਵ ਹੋਰ ਕੋਈ ਭੀ ਨਹੀਂ, ਇਸਤੇ ਹਰ ਇੱਕ ਨੂੰ ਇਸਦੀ ਰਖ੍ਯਾ ਕਰਨੀ ਚਾਹੀਦੀ ਹੈ॥

ਆਸ਼ਾ ਹੈ ਪਾਠਕ ਪਾਠਕਾਵਾਂ ਇਸਤੋਂ ਪੂਰਣ ਲਾਭ ਪ੍ਰਾਪਤਿ ਕਰਕੇ ਦਾਸਦੀ ਮੇਹਨਤ ਸਫਲ ਕਰਨਗੇ।

ਦਾਸ–ਮੋਹਨ ਸਿੰਘ ਵੈਦ, ਮਾਲਕ ਤੇ ਪ੍ਰਬੰਧਕ

ਸ੍ਵਦੇਸ਼ਭਾਸ਼ਾ ਪ੍ਰਚਾਰਕ ਲੜੀ, ਤਰਨ ਤਾਰਨ (ਪੰਜਾਬ)

੧ ਓ ਸਤਿਗੁਰਪ੍ਰਸਾਦਿ ॥

ਗਊ ਪਦਾਰਥ ਗੁਣ ਸੰਗ੍ਰਹ !

ਗਊ ਦਾ ਦੁੱਧ—ਮਿੱਠਾ, ਮਨ ਭਾਉਂਨਾਂ, ਬਿਧਕ, ਬਲ ਕਾਰਕ, ਚੰਗੀ ਤਰਾਂ ਪੱਥ, ਸਰੀਰ ਦੀ ਕ੍ਰਾਂਤੀ ਵਧਾਉਣ ਵਾਲਾ, ਬੁਧ ਚਤੁਰਤਾ, ਕਫ, ਤੁਸਟੀ, ਪੁਸ਼ਟੀ ਅਤੇ ਵੀਰਜ ਨੂੰ ਵਧਾਉਣ ਵਾਲਾ, ਆਯੂ ਨੂੰ ਸਥਿਰ ਰਖਣ ਵਾਲਾ ਅਰਥਾਤ ਬਿਧ ਅਵਸਥਾ ਨੂੰ ਰੋਕਣ ਵਾਲਾ, ਹਿਰਦੇ ਨੂੰ ਚੰਗਾ ਅਤੇ ਹਿਤਕਾਰੀ, ਰਸਾਇਨ ਅਰਥਾਤ ਰਸ ਰਕਤ (ਲਹੂ) ਆਦਿ ਧਾਤੂਆਂ ਨੂੰ ਵਧਾਉਣ ਵਾਲਾ, ਭਾਰਾ, ਮਧੁਰ ਅਤੇ ਵਾਤ, ਪਿੱਤ, ਬਿਸ਼ (ਜ਼ਹਰ ਦੇ ਅਸਰ) ਬਾਤਰਕਤ, ਰਕਤ ਪਿੱਤ, ਦਾਹ, ਦਸਤ, ਉਦਾਵਰਤ, ਭਰਮ, ਖੰਘ ਦੇ ਦੁਖ, ਦਮਾਂ, ਚਿਤ ਦੇ ਕਸ਼ਟ, ਪੁਰਾਣੇ ਬੁਖਾਰ, ਹਿਰਦੇ ਦੇ ਰੋਗ, ਤ੍ਰਹ, ਉਦਰ ਰੋਗ, ਮਿਰਗੀ, ਮੂਤ੍ਰਕ੍ਰਿਛ, ਗੁਲਮ, ਬਵਾਸੀਰ, ਪ੍ਰਬਾਹਿਕਾ ਅਰਥਾਤ ਲੇਸਦਾਰ ਪਾਣੀ ਦੇ ਜੁਲਾਬ, ਪਾਂਡੂ ਰੋਗ, ਸੂਲ, ਖਟੇ ਡਕਾਰ ਆਦਿ, ਅਮਲ ਪਿੱਤ ਦੇ ਵਿਕਾਰ, ਖਈਰੋਗ, ਅਤਿਸ਼੍ਰਮ, ਵਿਸਮ ਅਗਨੀ, ਇਸਤ੍ਰੀਆਂ ਦੇ ਰੋਗ, ਨੇਤ੍ਰ ਰੋਗ ਅਤੇ ਧਾਤ ਦੇ ਰੋਗਾਂ ਦਾ ਨਾਸ ਕਰਨ ਵਾਲਾ ਹੈ, ਕਾਲੀ ਗਊ ਦਾ ਦੁਧ ਖਾਸ

ਪਤਾ—ਮੋਹਨ ਸਿੰਘ ਵੈਦ ਤਰਨ ਤਾਰਨ (ਪੰਜਾਬ)

ਮਨਛਲ ਦੇ ਜ਼ਹਿਰ ਵਾਸਤੇ ਦੁਧ ਵਿਚ ਸ਼ਹਿਤ ਰਲਾ ਕੇ ਤਿੰਨ ਦਿਨ ਤੱਕ ਪਿਲਾਉਂਦੇ ਰਹੋ। (੫) ਕੋਟਾਂ ਦੇ ਜ਼ਹਿਰ ਵਾਸਤੇ ਗਊ ਦਾ ਠੰਢਾ ਦੁਧ ਪਿਆਵੋ। (੬) ਜੇ ਕੱਚ ਦੇ ਟੋਟੇ ਅੰਨ ਨਾਲ ਖਾਧੇ ਜਾਣ ਤਾਂ ਗਊ ਦਾ ਦੁਧ ਪਿਆਵੋ। (੭) ਅਸਧ ਗੋਧਕ ਖਾਧੀ ਜਾਏ ਤਾਂ ਗਊ ਦੇ ਦੁਧ ਵਿਚ ਘਿਉ ਪਾ ਕੇ ਪਿਆਵੋ। (੮) ਬ ਦੇ ਵਾਧੇ ਅਤੇ ਬੀਰਜ ਦੇ ਵਧਾਉਣ ਵਾਸਤੇ ਗਊ ਦੇ ਕੜ੍ਹੇ ਹੋਏ ਦੁਧ ਵਿਚ ਘਿਉ ਅਤੇ ਖੰਡ ਪਾਕੇ ਰੋਜ ਪੀਣਾ ਚਾਹੀਦਾ ਹੈ। ਏਸ ਨਾਲੋਂ ਵਧਕੇ ਪੱਥ ਤੇਜ ਵਧਾਉਣ ਵਾਲੀ ਅਤੇ ਬਲ ਦੇਣ ਵਾਲੀ ਹੋਰ ਕੋਈ ਦੁਆਇ ਨਹੀਂ। (੯) ਜੀਰਣ ਜਵਰ ਵਾਸਤੇ ਗਊ ਦੇ ਦੁਧ ਵਿਚ ਗੋਕਾ ਘਿਉ, ਸੌਂਫ, ਛੁਹਾਰੇ, ਕਾਲਾ ਮੁਨੱਕਾ ਪਾ ਕੇ ਕਾੜ੍ਹ ਕੇ ਠੰਢਾ ਕਰਕੇ ਪੀਣਾ ਚਾਹੀਦਾ ਹੈ। (੧੦) ਮੂਤ੍ਰ ਕ੍ਰਿਛ ਅਤੇ ਮੂਤ ਵਿਚੋਂ ਰੱਤਾ ਨਿਕਲਨ ਦੇ ਰੋਗ ਤੇ ਰੋਕੇ ਦੁਧ ਵਿਚ ਗੁੜ ਜਾਂ ਖੰਡ ਪਾ ਕੇ ਭਾਵੇਂ ਗਰਮ ਕਰਕੇ ਕੜ੍ਹਿਆ ਹੋਇਆ ਦੁਧ ਘਿਉ ਤੇ ਖੰਡ ਬਰਾਬਰ ਪਾਕੇ ਪਿਲਾਓ। (੧੧) ਅਖੀਆਂ ਦੀ ਜਲੂਣ ਵਾਸਤੇ ਗਊ ਦੇ ਕੱਚੇ ਦੁਧ ਵਿਚ ਕਪੜਾ ਭਿਉਂਕੇ ਉਸ ਦੀ ਤੈਹ ਉਤੇ ਫਟਕੜੀ ਪੀਠੀ ਹੋਈ ਪਾ ਕੇ ਅਖ ਉਤੇ ਰਖੋ। (੧੨) ਸਰੀਰ ਨੂੰ ਮੋਟਾ ਕਰਨ ਵਾਸਤੇ ਗੋਕਾ ਦੁਧ, ਘਿਉ ਤੇ ਸ਼ਹਿਦ ਰਲਾਕੇ ਪੀਣਾ ਚਾਹੀਦਾ ਹੈ। (੧੩) ਪਿੱਤ ਦੇ ਰੋਗ ਵਾਸਤੇ ਗੋਕਾ ਦੁਧ ਸੱਤ ਤੋਲੇ ਲੈਕੇ ਓਹਦੇ ਵਿਚ ਅੱਧੇ ਤੋਲੇ ਤੋਂ ਲੈਕੇ ਇਕ ਤੋਲੇ ਤਕ ਮੁੰਢ ਪੱਥਰ ਉਤੇਘਸਾਕੇ ਰਲਾਕੇ ਉਸਨੂੰ ਕਾੜ੍ਹਨਾਂ ਅਤੇ ਖੋਇਆ ਜਿਹਾ ਬਣਾਕੇ

ਉਸ ਵਿਚ ਖੰਡ ਪਾ ਕੇ ਗੋਲੀਆਂ ਬਣਾ ਲੈਣੀਆਂ ਅਤੇ ਓਹਨਾਂ ਨੂੰ ਰੋਜ ਰਾਤ ਵੇਲੇ ਸੌਣ ਲੱਗਿਆਂ ਖਾਣਾਂ, ਉਪਰੋਂ ਪਾਣੀ ਨਹੀਂ ਪੀਣਾਂ, ਇਸ ਤਰਾਂ ਏਹ ਦਵਾ ਕਈ ਦਿਨ ਖਾਣੀ ਚਾਹੀਦੀ ਹੈ। (੧੪) ਸੀਤਲਾ ਜਾਂ ਪਿੱਤ ਨਾਲ ਬੱਚਿਆਂ ਦੇ ਸਰੀਰ ਉਤੇ ਗਰਮੀ ਨਿਕਲ ਪੈਂਦੀ ਹੈ, ਉਸ ਲਈ ਕੱਚੇ ਗਊ ਦੇ ਦੁਧ ਵਿਚ ਗੋਕਾ ਹੀ ਘਿਉ ਅਤੇ ਮਿਸ਼ਰੀ ਰਲਾ ਕੇ ਪਿਆਓ। (੧੫) ਛਾਤੀ ਅਤੇ ਕਲੇਜੇ ਦੇ ਰੋਗਾਂ ਵਾਸਤੇ, ਸੜਦੇ ਸੜਦੇ ਭਲਾਵੇ ਦੀਆਂ ਇਕ ਜਾਂ ਦੋ ਬੂੰਦਾਂ ਗੋਕੇ ਦੁਧ ਵਿਚ ਪਾਕੇ ਪਿਲਾਓ। (੧੬) ਰਕਤ ਪਿਤ ਲਈ ਗੋਕੇ ਦੁਧ ਵਿਚ ਪੰਜ ਗੁਣਾਂ ਪਾਣੀ ਪਾਕੇ ਕਾੜ੍ਹੋ, ਕੇਵਲ ਦੁਧ ਰਹ ਜਾਵੇ ਤਦ ਪਿਲਾਓ। (੧੭) ਸਰੀਰ ਦੀ ਕੋਈ ਹੱਡੀ ਟੁਟ ਜਾਣ ਦੀ ਹਾਲਤ ਵਿਚ ਸਵੇਰ ਵੇਲੇ ਜਵਾਨ ਗਊ ਦਾ ਦੁਧ, ਮੁਨੱਕਾ, ਛੁਹਾਰਾ, ਮੁਲੱਠੀ ਆਦਿਕ ਮਿਠਿਆਂ ਚੀਜਾਂ ਪਾ ਕੇ ਕਾੜ੍ਹਨਾਂ ਅਤੇ ਓਹਦੇ ਵਿਚ ਘਿਉ ਤੇ ਪਿਪਲ ਦੀ ਲਾਖ ਪੀਹਕੇ ਪਾਉਣੀ, ਫੇਰ ਠੰਢਾ ਕਰਕੇ ਪਿਆ ਦੇਣਾ; ਜਾਂ ਕਣਕ ਦਾ ਆਟਾ, ਲਾਖ, ਕਊ ਦੀ ਛਿੱਲ ਦਾ ਚੂਰਨ ਦੁਧ ਅਤੇ ਘੇਉ ਵਿਚ ਪਾਕੇ ਜਿਥੋ ਦੀ ਹੱਡੀ ਟੁਟ ਗਈ ਹੋਵੇ ਜਾਂ ਉਤਰ ਗਈ ਹੋਵੇ ਉਸ ਥਾਂ ਬੰਨ੍ਹਣ ਨਾਲ ਹਡੀ ਜੁੜ ਜਾਂਦੀ ਹੈ ਅਥਵਾ ਆਪਣੇ ਟਿਕਾਣੇ ਆਜਾਂਦੀ ਹੈ। (੧੮) ਜੁਕਾਮ ਵਾਸਤੇ ਗੋਕਾ ਦੁਧ ਗਰਮ ਕਰਕੇ ਓਹਦੇ ਵਿਚ ਕਾਲੀ ਮਿਰਚ ਪੀਠੀ ਹੋਈ ਪਾ ਕੇ ਅਤੇ ਮਿਸਰੀ ਰਲਾ ਕੇ ਪੀਓ। (੧੯) ਲਹੂ ਅਤੇ ਪਿੱਤ ਨਾਲ ਹੋਏ ਹੋਏ ਰੋਗਾਂ ਉਤੇ ਰੂੰ ਦਾ ਮੋਟਾ ਜਿਹਾ ਫਹਿਆ ਬਨਾਕੇ

ਉਸਨੂੰ ਗੋਕੇ ਦੁਧ ਵਿਚ ਭੇਉਂ ਕੇ ਸਿਰ ਉੱਤੇ ਰਖੋ ਅਤੇ ਉੱਤੋਂ ਕਪੜਾ ਬੰਨ੍ਹਕੇ ਉਸਨੂੰ ਬਰਾਬਰ ਤਰ ਕਰਦੇ ਰਹੋ, ਏਸਤਰਾਂ ਸਵੇਰ ਤੋਂ ਸੰਧਜਾ ਤਕ ਕਰੋ, ਸੰਧਜਾ ਵੇਲੇ ਸਿਰ ਨੂੰ ਧੋ ਕੇ ਓਹਦੇ ਉੱਤੇ ਮੱਖਣ ਮਲੋ, ਏਸ ਤਰਾਂ ਦੋ ਤਿੰਨ ਦਿਨ ਕਰੋ। (੨੦) ਪ੍ਰਵਾਹਿਕਾ (ਮਰੋੜ) ਅਤੇ ਰਕਤ ਪਿੱਤ ਵਾਸਤੇ ਦੁਧ ਵਿਚ ਓਹਦੇ ਜਿੰਨਾਂ ਹੀ ਪਾਣੀ ਪਾਕੇ ਕਾੜ੍ਹ ਕੇ ਜਦੋਂ ਨਿਰਾ ਦੁਧ ਹੀ ਰਹ ਜਾਵੇ ਤਾਂ ਪਿਲਾਓ, ਏਸ ਨਾਲ ਉਦਰ ਵਾਤ, ਸੂਲ, ਮਰੋੜ, ਰਕਤ ਪਿੱਤ ਅਤੇ ਤ੍ਰੇਹ ਆਦ ਰੋਗ ਹਟ ਜਾਂਦੇ ਹਨ, ਇਹ ਰਕਤ ਰੋਗਾਂ (ਲਹੂ ਦੇ ਰੋਗਾਂ) ਉੱਤੇ ਅੰਮ੍ਰਿਤ ਵਰਗਾ ਅਸਰ ਕਰਦਾ ਹੈ। (੨੧) ਪਾਂਡੂ ਰੋਗ ਖਈ ਅਤੇ ਸੰਗ੍ਰਹਣੀ ਵਾਸਤੇ ਲੋਹੇ ਦੀ ਕੜ੍ਹਾਈ ਵਿਚ ਕਾੜ੍ਹਿਆ ਹੋਇਆ ਦੁਧ ਪੀਵੇ ਅਤੇ ਪਰਹੇਜ਼ ਰਖੇ। (੨੨) ਹਿੜਕੀ ਵਾਸਤੇ ਗਊ ਦਾ ਗਰਮ ਦੁਧ ਪੀਵੋ। (੨੩) ਮੂਤਰ ਰੋਧ ਤੋਂ ਪੈਦਾ ਹੋਯਾ ਹੋਯਾ ਉਦਾਵਰਤ ਰੋਗ ਕਚੇ ਦੁਧ ਵਿਚ ਪਾਣੀ ਰਲਾਕੇ ਓਹ ਲੱਸੀ ਪਿਆਓ। (੨੪) ਬਹੁਤ ਕੰਮ ਕਰਕੇ ਥਕ ਜਾਵੇ ਤਾਂ ਗਊ ਦਾ ਗਰਮ ਦੁਧ ਪੀਣ ਨਾਲ ਥਕੇਵਾਂ ਲਹ ਜਾਂਦਾ ਹੈ। (੨੫) ਸਿਰ ਵਿਚ ਥੋੜੀ ਜਾਂ ਬਹੁਤੀ ਪੀੜ ਹੁੰਦੀ ਹੋਵੇ ਤਾਂ ਗੋਕੇ ਦੁਧ ਵਿਚ ਸੁੰਢ ਘਸਾਕੇ ਓਸਦਾ ਗਾੜ੍ਹਾ ਗਾੜ੍ਹਾ ਲੇਪ ਸਿਰ ਉੱਤੇ ਕਰਕੇ ਉੱਤੇ ਰੂੰ ਚੰਬੋੜ ਦੇਵੋ, ਏਸ ਨਾਲ ਸਿਰ ਦੀ ਦਰਦ ਭਾਵੇਂ ਕਹੀ ਹੋਵੇ ਸਤ ਅਠ ਘੰਟਿਆਂ ਵਿਚ ਹਟ ਜਾਂਦੀ ਹੈ ॥

ਰੋਕਾ ਦਹੀਂ—ਸੁਆਦੀ, ਬਲਕਾਰਕ, ਭੁਖ ਵਧਾਉਣ ਵਾਲਾ, ਬਿੰਧਾ, ਦੀਪਨ, ਮੋਟਾ ਕਰਨ ਵਾਲਾ, ਰਸ ਦਾਇਕ, ਗ੍ਰਾਹਕ, ਠੰਢਾ ਅਤੇ ਬਾਦੀ ਬਵਾਸੀਰ ਨੂੰ ਮੇਟਣ ਵਾਲਾ ਹੈ। ਦਹੀਂ ਖਟਿਆਈ ਅਤੇ ਸੁਆਦ ਵਲੋਂ ਪੰਜ ਭਾਂਤ ਦਾ ਹੁੰਦਾ ਹੈ। ਉਸਦਾ ਗੁਣ ਵੀ ਵਖੋ ਵਖਰਾ ਹੁੰਦਾ ਹੈ। ਫਿੱਕਾ, ਮਿੱਠਾ ਖਟ ਮਿਠਾ, ਖਟਾ ਅਤੇ ਬਹੁਤ ਖੱਟਾ। ਇਹ ਪੰਜ ਭਾਂਤਾਂ ਹਨ। ਫਿੱਕਾ ਦਹੀਂ—ਗਾੜ੍ਹਾ, ਸੁਆਦ ਵਿਚ ਦੁਧ ਵਰਗਾ, ਪਸ਼ਾਬ ਬਹੁਤ ਲਿਆਉਣ ਵਾਲਾ, ਦਸਤ ਲਿਆਉਣ ਵਾਲਾ, ਦਾਹ ਕਾਰਕ, ਅਤੇ ਤ੍ਰੈਦੋਸ਼ ਉਤਪੰਨ ਕਰਨ ਵਾਲਾ ਹੁੰਦਾ ਹੈ। ਮਿੱਠਾ ਦਹੀਂ—ਗਾੜ੍ਹਾ, ਮਿੱਠਾ, ਬੀਰਜ ਵਧਾਉਣ ਵਾਲਾ, ਪਚ ਜਾਣ ਪਰ ਮਿੱਠਾ, ਸਰੀਰ ਨੂੰ ਭਾਰਾ ਕਰਨ ਵਾਲਾ, ਮੇਦ ਵਾਯੂ ਅਤੇ ਕਫ ਦਾ ਨਾਸ ਕਰਨ ਵਾਲਾ, ਲਹੂ ਨੂੰ ਸਾਫ ਕਰਨ, ਵਾਲਾ ਅਤੇ ਪਿੱਤ ਨਾਸਕ ਹੈ। ਖਟਮਿਠਾ ਦਹੀਂ—ਗਾੜ੍ਹਾ ਸੁਆਦੀ, ਕੁਝ ਖੱਟਾ ਅਤੇ ਖਾਣ ਦੇ ਪਿਛੋਂ ਚੰਗਾ ਲਗਦਾ ਹੈ, ਹੋਰ ਸਾਰੇ ਗੁਣ ਮਿੱਠੇ ਵਰਗੇ ਹਨ। ਖਟਾ ਦਹੀਂ—ਲਹੂ ਦੇ ਵਿਕਾਰ, ਪਿੱਤ ਅਤੇ ਕਫ਼ ਕਰਨ ਵਾਲਾ, ਅਤੇ ਅਗਨੀ ਦੀਪਕ ਹੈ। ਬਹੁਤ ਖਟਾ ਦਹੀਂ—ਅਗਨੀ ਦੀਪਕ, ਸੰਘ ਵਿਚ ਸੜਨ ਪੈਦਾ ਕਰਨ ਵਾਲਾ, ਸਰੀਰ ਉਤੇ ਵਾਲ ਬਹੁਤ ਉਗਾਉਣ ਵਾਲਾ, ਰਕਤ ਪਿੱਤ ਕਾਰਕ ਅਤੇ ਦੰਦ ਖੱਟੇ ਕਰਨ ਵਾਲਾ ਹੁੰਦਾ ਹੈ, ਗਰਮ ਕਰਕੇ ਜਮਾਇਆ ਹੋਇਆ ਦਹੀਂ—ਠੰਢਾ, ਹਲਕਾ, ਕਬਜ਼ ਕਰਨ ਵਾਲਾ, ਵਾਯੂ ਕਾਰਕ, ਗ੍ਰਾਹਕ, ਅਗਨੀ ਦੀਪਕ,

ਸੁਆਦੀ, ਭੁਖ ਲਾਉਣ ਵਾਲਾ ਅਤੇ ਪਿੱਤ ਕਾਰਕ ਹੈ।
ਦੁਧ ਗਰਮ ਕਰਕੇ ਉਸ ਉਤੋਂ ਮਲਾਈ ਲਾਹਕੇ ਜਮਾਇਆ ਹੋਇਆ ਦਹੀਂ ਵੀ ਅਜੇਹਾ ਹੀ ਹੁੰਦਾ ਹੈ। ਖੰਡ ਵਾਲਾ ਦਹੀਂ–ਪਿੱਤ, ਦਾਹ, ਤਿਖਾ ਅਤੇ ਰਕਤ ਦੋਸ਼, (ਲਹੂ ਦੇ ਰੋਗਾਂ) ਦਾ ਨਾਸ ਕਰਦਾ ਹੈ। ਗੁੜ ਵਾਲਾ ਦਹੀਂ-ਤ੍ਰਿਪਤੀ ਕਾਰਕ, ਧਾਤੂ ਵਧਾਉਣ ਵਾਲਾ, ਭਾਰਾ ਅਤੇ ਬਾਤ ਨਾਸ ਕ ਹੈ। ਦਹੀਂ ਦਾ ਉਤਲਾ ਪਾਣੀ–ਬਲਕਾਰਕ, ਸੁਆਦ ਵਿਚ ਕਸੈਲਾ, ਪਿੱਤ ਕਾਰਕ, ਦਸਤ ਲਿਆਉਣ ਵਾਲਾ, ਭੁੱਖ ਵਧਾਉਨ ਵਾਲਾ, ਖੱਟਾ, ਪਚਣ ਵਿਚ ਹੌਲਾ, ਧਾਤੂ ਮਾਰਗਾਂ ਨੂੰ ਸਾਫ ਕਰਨ ਵਾਲਾ, ਤਿਲੀ ਤ੍ਰਿਖਾ, ਕਫ਼ ਬਵਾਸੀਰ ਵਾਯੂ ਰੋਗ, ਕਬਜ਼, ਪਾਂਡੂ ਰੋਗ, ਸੂਲ ਅਤੇ ਦਮੇਂ ਆਦਿਕ ਨੂੰ ਨਾਸ ਕਰਨ ਵਾਲਾ ਹੈ। ਦਹੀਂ ਦੀ ਮਲਾਈ–ਦਸਤ ਲਿਆਉਣ ਵਾਲੀ, ਭਾਰੀ, ਰਕਤ, ਪਿਤ, ਕਫ਼, ਅਤੇ ਵੀਰਜ ਨੂੰ ਵਧਾਉਣ ਵਾਲੀ, ਅਗਨੀ ਮੰਦ ਕਰਨ ਵਾਲੀ, ਅਤੇ ਬਾਤ ਨਾਸਕ ਹੈ, ਹੋਰ ਗੁਣ ਦਹੀਂ ਵਰਗੇ ਹੁੰਦੇ ਹਨ।

(੧) ਅਜੀਰਣ ਵਾਸਤੇ–ਗਊ ਦਾ ਦਹੀਂ ਅਥਵਾ ਮਠਾ ਇਕੋ ਜਿਹਾ ਜਲ ਪਾਕੇ ਨਿਮਕ ਮਿਰਚ ਪਾਕੇ ਪੀਣ ਨਾਲ ਬਹੁਤ ਵਧਿਆ ਹੋਇਆ ਅਜੀਰਣ ਵੀ ਹਟ ਜਾਂਦਾ ਹੈ। (੨) ਕੱਚ ਦਾ ਚੂਰਾ ਅੰਨ ਦੇ ਨਾਲ ਖਾਧਾ ਜਾਏ ਤਾਂ ਗੋਕਾ ਦਹੀਂ ਪਿਆਓ। (੩) ਤ੍ਰਿਖਾ ਰੋਗ ਵਾਸਤੇ–ਪੁਰਾਣੀ ਇਟ ਸਾਫ ਧੋਕੇ ਅੱਗ ਵਿਚ ਲਾਲ ਕਰਕੇ ਉਸਨੂੰ ਗਊ ਦੇ ਦਹੀਂ ਵਿਚ ਠੰਢੀ ਕਰੋ ਅਤੇ ਤ੍ਰਿਖਾ ਵਾਲੇ ਰੋਗੀ ਨੂੰ ਓਹ ਦਹੀਂ ਥੋੜਾ ਥੋੜਾ ਪਿਆਓ। (੪) ਹੋਰ ਇਲਾਜ-

ਗਊਦਾ ਮਿੱਠਾ ਦਹੀਂ ੧੨੮ ਹਿੱਸੇ, ਖੰਡ ੬੪ ਹਿੱਸੇ, ਘਿਉ ਪੰਜ ਹਿਸੇ, ਸ਼ਹਿਦ ੩ ਹਿਸੇ, ਕਾਲੀ ਮਿਰਚ ਪੀਠੀ ਹੋਈ ੨ ਹਿਸੇ, ਸੁੰਢ ਪੀਠੀ ਹੋਈ ੨ ਹਿੱਸੇ, ਅਤੇ ਲਾਚੀ ਦਾਣੇ ਪੀਹਕੇ ੨ ਹਿੱਸੇ, ਇਹ ਸਾਰੇ ਰਲਾਕੇ ਕਲੀ ਦੇ ਭਾਂਡੇ ਵਿਚ ਰਖੋ ਅਤੇ ਓਹਦੇ ਵਿਚੋਂ ਥੋੜਾ ਥੋੜਾ ਤ੍ਰਿਖਾ ਵਾਲੇ ਨੂੰ ਪਿਆਓ। (੫) ਤੀਜਾ ਇਲਾਜ—ਦਹੀਂ ਨੂੰ ਕਪੜੇ ਵਿਚ ਪੁਣਕੇ ਓਸਦਾ ਸਾਰਾ ਪਾਣੀ ਕਢ ਦਿਓ, ਫਿਰ ਉਪਰ ਲਿਖੀਆਂ ਖੰਡ ਆਦਿਕ ਸਾਰੀਆਂ ਚੀਜ਼ਾਂ ਰਲਾ ਦਿਓ, ਏਸਨੂੰ ਸਿਖਰਨੀ (ਸ੍ਰੀ ਖੰਡ) ਆਖਦੇ ਹਨ, ਏਸ ਨਾਲ ਤ੍ਰਿਖਾ, ਦਾਹ ਅਤੇ ਪਿੱਤ ਦੇ ਰੋਗ ਦੂਰ ਹੁੰਦੇ ਹਨ ਅਤੇ ਖਾਣ ਵਿਚ ਭੀ ਬਹੁਤ ਸੁਆਦੀ ਹੁੰਦੀ ਹੈ। (੬) ਕਨੇਰ ਦੇ ਜ਼ਹਿਰ ਵਾਸਤੇ ਗੋਕੇ ਦਹੀਂ ਵਿਚ ਖੰਡ ਪਾ ਕੇ ਪਿਆਓ। (੭) ਸੂਰਜਾ ਵਰਤ ਨਾਮੇ ਮਸਤਕ ਰੋਗ ਵਾਸਤੇ ਜਿਸ ਵਿਚ ਸੂਰਜ ਚੜ੍ਹਨ ਦੇ ਵੇਲੇ ਤੋਂ ਲੈਕੇ ਸਿਰ ਪੀੜ ਸੂਰਜ ਦੇ ਤੇਜ ਦੇ ਨਾਲ ਨਾਲ ਹੀ ਵਧਦੀ ਜਾਂਦੀ ਹੈ ਅਤੇ ਸੂਰਜ ਦੇ ਢਲਣ ਨਾਲ ਘਟ ਹੁੰਦੀ ਜਾਂਦੀ ਹੈ, ਸੂਰਜ ਚੜ੍ਹਨ ਤੋਂ ਪਹਲੇ ਦਹੀਂ ਤੇ ਖਿਚੜੀ ਤਿੰਨ ਦਿਨ ਖਾਧਿਆਂ ਅਰਾਮ ਹੋ ਜਾਂਦਾ ਹੈ॥

ਗਊ ਦਾ ਤਾਜ਼ਾ ਮਖਣ—ਠੰਢਾ, ਧਾਤੂ ਵਰਧਕ, ਤੇਜ ਵਧਾਉਣ ਵਾਲਾ, ਬਾਜੀ ਕਰਣ, ਕਾਂਤੀ ਕਾਰਕ, ਗ੍ਰਾਹੀ, ਬਲ ਵਧਾਉਣ ਵਾਲਾ, ਬਲਕਾਰ ਤੇ ਬ੍ਰਿਧ ਵਾਸਤੇ, ਭਾਰਾ ਤੇ ਭੁਖ ਵਧਾਉਣ ਵਾਲਾ, ਸੁਆਦੀ,

ਅੱਖੀਆਂ ਲਈ ਲਾਭ ਦਾਇਕ, ਮੋਟਾ ਕਰਨ ਵਾਲਾ, ਵਾਤ, ਪਿੱਤ, ਕਫ਼, ਬਵਾਸੀਰ, ਖਈ, ਲਹੂ ਦੇ ਵਿਕਾਰ ਠੰਢੀ ਹਵਾ ਲਗੱਣ, ਸਾਰੇ ਅੰਗਾਂ ਦੇ ਸੂਲ, ਥਕੇਵੇਂ ਅਤੇ ਦਮੇਂ ਨੂੰ ਹਟਾਉਂਦਾ ਹੈ। ਬਿਹਾ ਮਖਣ—ਬਲ ਕਾਰਕ, ਵੀਰਜ ਵਧਾਉਣ ਵਾਲਾ, ਭਾਰਾ, ਕਫ਼ ਕਰ, ਮੇਦ-ਵਰਧਕ, ਅਖੀਆਂ ਲਈ ਲਾਭ ਦਾਇਕ, ਧਾਤੂ ਵਰਧਕ, ਖਾਣ ਵਿਚ ਬੇ ਸੁਆਦਾ ਅਤੇ ਸਰੀਰ ਦੇ ਸੋਤ੍ਰਾਂ ਨੂੰ ਬੰਦ ਕਰਕੇ ਸਰੀਰ ਨੂੰ ਭਾਰਾ ਨਾ ਕਰਨ ਵਾਲਾ, ਅਰਥਾਤ ਕਫ਼ ਨੂੰ ਨਾ ਵਧਾਉਣ ਵਾਲਾ ਹੈ। ਦੋ ਤਿੰਨਾਂ ਦਿਨਾਂ ਦਾ ਬਿਹਾ ਮੱਖਣ ਲੂਣ ਵਾਲਾ, ਤਿੱਖਾ ਅਤੇ ਖਟਾ ਹੋ ਜਾਂਦਾ ਹੈ ਅਤੇ ਵਾਤਿ, ਬਵਾਸੀਰ, ਕੋੜ੍ਹ, ਸਧਾਰਨ ਨੇਤ੍ਰ ਰੋਗ, ਅਤੇ ਹੋਰ ਸਾਰੇ ਰੋਗਾਂ ਨੂੰ ਦੂਰ ਕਰਦਾ ਹੈ॥

(੧)ਖਈ ਰੋਗ(ਤਪਦਿਕ) ਹਟਾਉਣ ਅਤੇ ਸਰੀਰ ਵਿਚ ਬਲ ਪੈਦਾ ਕਰਨ ਲਈ ਗੋਕਾ ਮੱਖਣ, ਮਿਸ਼ਰੀ, ਸ਼ਹਿਦਅਤੇ ਸੋਨੇ ਦੇ ਵਰਕ ਰਲਾ ਕੇ ਦੇਣਾ ਚਾਹੀਦਾ ਹੈ। (੨)ਅਖਾਂ ਵਿਚ ਸੜਨ ਹੋਵੇ ਤਾਂ ਗਊ ਦਾ ਮਖੱਣ ਅਖਾਂ ਉਤੇ ਲਾਓ।(੩) ਸਰੀਰ ਵਿਚੋਂ ਗਰਮੀ (ਅੱਗ) ਨਿਕ-ਲਦੀ ਹੋਵੇ ਤਾਂ ਗੋਕਾ ਮਖਣ ਮਿਸ਼ਰੀ ਰਲਾਕੇ ਖਾਓ। (੪) ਸੀਤਲਾ ਜਾਂਖਸਰੇਨਾਲ ਬੱਚਿਆਂ ਦੇ ਸਰੀਰ ਵਿਚੋਂਗਰਮੀ ਨਿਕਲੇ ਤਾਂ ਮੱਖਣ ਅਤੇ ਮਿਸਰੀ ਵਿਚ ਚਿਟੇ ਜੀਰੇ ਦਾ ਚੂਰਨ ਰਲਾ ਕੇ ਛੋਟੀ ਸੁਪਾਰੀ ਦੇ ਬਰਾਬਰ ਗੋਲੀ ਬਣਾਕੇ ਨਿਤ ਸਵੇਰੇ ਖਾਣ ਨੂੰ ਦਿਓ। (੫) ਕੰਨ ਵਿਚ ਬਹੁਤੀ ਖੁਰਕ ਹੋਵੇ ਤਾ ਗਊ ਦਾ ਮੱਖਣ ਕੁਝ ਗਰਮ ਕਰਕੇ ਕੰਨ ਵਿਚ ਪਾਓ । (੬) ਭਲਾਵਾ ਆਦਿ ਜ਼ਹਿਰੀ

ਚੀਜਾਂ ਸਰੀਰ ਉਤੇ ਲਗ ਜਾਣ ਜਾਂ ਅਖ ਵਿਚ ਪੈ ਜਾਣ ਤਾਂ ਚੋਕਾ ਮਖਣ ਲਾਓ, ਥੋਹਰ ਦਾ ਦੁਧ ਭੁਲ ਨਾਲ ਦੁਆਈ ਦੇ ਤੌਰ ਤੇ ਬਹੁਤ ਖਾ ਲੈਣ ਨਾਲ ਸਰੀਰ ਦੁਖੀ ਹੋ ਜਾਏ ਤਾਂ ਬਹੁਤ ਸਾਰਾ ਗਊ ਦਾ ਮਖਣ ਖੁਆਓ। (੭) ਕਨੇਰ ਦੇ ਜ਼ਹਿਰ ਵਾਸਤੇ ਚੋਕਾ ਮਖਣ ਗਰਮ ਕਰਕੇ ਖਿਆਓ।(੮) ਲਹੂ ਦੇ ਦਸਤਾਂ ਵਾਸਤੇ ਚੋਕੇ ਦੁਧ ਵਿਚੋਂ ਮਖਣ ਕਢਕੇ ਉਸ ਵਿਚ ਸ਼ਹਿਤ ਤੇ ਮਿਸਰੀ ਰਲਾਕੇ ਖੁਆਓ। (੯) ਬਵਾਸੀਰ ਉਤੇ ਗਊ ਦਾ ਮਖਣ ਅਤੇ ਤਿਲ ਖਾਵੇ, ਇਸ ਨਾਲ ਦੰਦ ਪੱਕੇ ਹੋਕੇ ਸਰੀਰ ਭੀ ਤਕੜਾ ਹੋ ਜਾਂਦਾ ਹੈ॥

ਗਊ ਦਾ ਮਠਾ—ਅਗਨੀ, ਦੀਪਕ, ਤ੍ਰਿਦੋਸ਼ ਅਤੇ ਬਵਾਸੀਰ ਨੂੰ ਨਸ਼ਟ ਕਰਨ ਵਾਲਾ। ਸਧਾਰਨ ਮਠਾ-ਸਵਾਦੀ, ਗ੍ਰਾਹੀ, ਖੱਟਾ, ਕਸੈਲਾ, ਹੌਲਾ, ਦੀਪਕ, ਗਰਮ, ਰਸਦਾਇਕ, ਤਿਖਾ, ਰੁੱਖਾ, ਵੀਰਜ ਲਈ ਹਾਨੀ ਕਾਰਕ, ਬਲ ਕਾਰਕ, ਤ੍ਰਿਪਤੀ ਕਾਰਕ, ਹਿਰਦੇ ਵਾਸਤੇ ਚੰਗਾ, ਭੁਖ ਲਾਉਣ ਵਾਲਾ, ਸਰੀਰ ਨੂੰ ਪਤਲਾ ਕਰਨ ਵਾਲਾ, ਪੀਲੀਆ, ਪ੍ਰਮੇਹ, ਮੇਦ ਰੋਗ (ਬਹੁਤ ਮੋਟਾ), ਬਵਾਸੀਰ, ਪਾਂਡੂ, ਸੰਗ੍ਰਹਣੀ, ਕਬਜ਼ੀ, ਮੂਤਰ ਰੁਕਣਾਂ, ਦਸਤ, ਭੁਖ ਨਾਂ ਲਗਣੀ, ਭਗੰਦਰ, ਕਲੇਜੇ ਦੇ ਰੋਗ, ਤਿਲੀ, ਗੋਲਾ, ਸ਼ੋਥ, ਕਫ, ਸਰੀਰ ਦੇ ਦਾਗ, ਕੋੜ੍ਹ, ਢਿਡ ਦੇ ਕੀੜੇ, ਮੁੜਕਾ, ਘਿਓ ਦਾ ਅਜੀਰਨ, ਵਾਯੂ ਤ੍ਰਿਦੋਖ, ਸਖਤ ਤਾਪ ਅਤੇ ਸੂਲ ਨੂੰ ਮੇਟਣ ਵਾਲਾ ਹੈ। ਮੇਹਦੇ ਵਿਚ ਮਠੇ

ਦਾ ਸਾਰ ਵੀ ਮਿਠਾ ਹੁੰਦਾ ਹੈ, ਇਸ ਲਈ ਏਹ ਪਿਤ, ਦੇ ਰੋਗ ਨਹੀਂ ਕਰਦਾ ਰੁੱਖਾ ਗਰਮ ਅਤੇ ਸੁਆਦ ਵਿਚ ਕਸੈਲਾ ਹੋਣ ਦੇ ਕਾਰਨ ਏਹ ਕਫ਼ ਨਾਸਕ ਹੈ, ਖੱਟਾ ਅਤੇ ਮਿਠਾ ਹੋਣ ਕਰਕੇ ਵਾਯੂ ਨਾਸਕ ਹੈ। ਮਿਠਾ ਮਠਾ ਕਫ਼ ਕਰਨ ਵਾਲਾ ਅਤੇ ਬਾਤ ਪਿੱਤ ਨਾਸਕ ਹੈ। ਖੱਟਾ ਮਠਾ ਰਕਤ ਪਿੱਤ ਅਤੇ ਕੀੜੇ ਪੈਦਾ ਕਰਨ ਵਾਲਾ ਹੈ, ਉਸ ਵਿਚ ਕਾਲਾ ਲੂਣ ਪਾਕੇ ਪੀਣ ਨਾਲ ਵਾਤ ਦਾ ਜੋਰ ਦੂਰ ਹੁੰਦਾ ਹੈ। ਮਠੇ ਵਿਚ ਕਾਲਾ ਲੂਣ, ਸੁੰਢ, ਮਿਰਚ ਅਤੇ ਮਘਾਂ ਦਾ ਚੂਰਨ ਪਾਕੇ ਪੀਣ ਨਾਲ ਓਹ ਰੁੱਖਾ ਹੋਕੇ ਕਫ਼ ਦਾ ਨਾਸ ਕਰਦਾ ਹੈ। ਪਿਪਲੀ(ਮਘ) ਅਤੇ ਦੇਸੀ ਲੂਣ ਪਾ ਕੇ ਮਠਾ ਵਾਤ ਨਾਲ ਪੈਦਾ ਹੋਏ ਪੇਟ ਦੇ ਰੋਗਾਂ ਲਈ ਪਿਆਵੇ। ਖੰਡ ਅਤੇ ਕਾਲੀ ਮਿਰਚ ਪਾਕੇ ਪੀਣ ਨਾਲ ਪਿੱਤ ਦੇ ਉਦਰ ਰੋਗ ਨੂੰ ਦੂਰ ਕਰਦਾ ਹੈ। ਸੁੰਢ, ਮਿਰਚ, ਪਿਪਲੀ, ਜਵੈਣ, ਜੀਰਾ ਅਤੇ ਕਾਲਾ ਲੂਣ ਪਾ ਕੇ ਪੀਣ ਨਾਲ ਕਫ਼ ਦੇ ਉਦਰ ਰੋਗ ਨੂੰ ਦੂਰ ਕਰਦਾ ਹੈ। ਸੁੰਢ, ਮਿਰਚ, ਪਿਪਲੀ, ਕਾਲਾ ਲੂਣ, ਜੌਂ ਖਾਰ ਪਾਕੇ ਪੀਣ ਨਾਲ ਤ੍ਰਿਦੋਸ਼ ਦੇ ਉਦਰ ਰੋਗ ਨੂੰ ਦੂਰ ਕਰਦਾ ਹੈ। ਫੱਟ ਵਾਲੇ, ਦੁਰਬਲ, ਬੇਹੋਸ਼, ਮਰਮ ਦਾਹ, ਤ੍ਰਿਖਾ ਅਤੇ ਰਕਤ ਪਿੱਤ ਵਾਲੇ ਨੂੰ ਮਠਾ ਦੇਣਾ ਚੰਗਾ ਨਹੀਂ। ਜਿਸ ਵਿਚੋਂ ਮਖਣ ਨਾਂ ਕਢਿਆ ਹੋਵੇ ਓਹ ਮਠਾ ਨੀਂਦਰ ਲਿਆਉਂਦਾ ਹੈ ਅਤੇ ਸਰੀਰ ਨੂੰ ਭਾਰਾ ਕਰਦਾ ਹੈ ਅਤੇ ਪਚਣ ਵਿਚ ਵੀ ਭਾਰਾ ਹੁੰਦਾ ਹੈ। ਮਖਣ ਕਢਿਆ ਹੋਇਆ ਹੌਲਾ ਪੱਥ ਹੈ, ਪਰ ਗਰਮ ਅਤੇ ਤ੍ਰਿਦੋਸ਼ ਨਾਸਕ ਹੈ॥

---

(੧) ਸਰੀਰ ਵਿਚ ਸੜਨ ਹੋਵੇ ਤਾਂ ਗੋਕੇ ਮਠੇ ਵਿਚ ਕਪੜਾ ਭਿਉਂਕੇ ਰੋਗੀ ਨੂੰ ਪਵਾ ਦਿਓ। (੨) ਗੋਕਾ ਮਠਾ ਰੋਜ਼ ਪੀਣ ਨਾਲ ਸੰਗ੍ਰਹਣੀ, ਦਸਤ ਅਤੇ ਬਵਾਸੀਰ ਦਾ ਅਰਾਮ ਹੁੰਦਾ ਹੈ। ਮਠੇ ਨਾਲ ਨਾੜਾਂ ਦੇ ਅੰਦਰ ਦਾ ਲਹੂ ਸਾਫ ਹੋਕੇ ਰਸ ਬਲ ਦਾ ਵਾਧਾ ਅਤੇ ਸਰੀਰ ਦਾ ਰੰਗ ਉਤਮ ਹੁੰਦਾ ਹੈ। ਮਨ ਪ੍ਰਸੰਨ ਰਹਿੰਦਾ ਹੈ ਅਤੇ ਵਾਤ ਕਫ ਦੇ ਵਿਕਾਰ ਦੂਰ ਹੁੰਦੇ ਹਨ। (੩) ਕਬਜ਼ ਵਾਸਤੇ ਜਵੈਣ ਅਤੇ ਕਾਲਾ ਲੂਣ ਪਾਕੇ ਗੋਕਾ ਮਠਾ ਪੀਣਾਂ ਲਾਭ ਦਾਇਕ ਹੈ। (੪) ਬਵਾਸੀਰ ਵਾਸਤੇ ਚਿਤ੍ਰਕ (ਚੀਤਾਹ) ਦੀ ਜੜ੍ਹ ਦੀ ਛਿੱਲ ਪੀਹਕੇ ਮਿੱਟੀ ਦੇ ਭਾਂਡੇ ਦੇ ਅੰਦਰ ਲੇਪ ਕਰਦੇਣਾਂ ਅਤੇ ਸੁਕ ਜਾਣ ਪਰ ਉਸ ਭਾਂਡੇ ਵਿਚ ਦਹੀਂ ਜਮਾ ਕੇ ਉਸਦਾ ਮਠਾ ਰੋਗੀ ਨੂੰ ਪਿਆਓ। (੫) ਦੂਜਾ ਇਲਾਜ—ਮਠੇ ਵਿਚ ਸੁੰਢ ਮਿਰਚਾਂ ਪਿਪਲੀ ਅਤੇ ਵਿਡਲੂਣ ਪਾਕੇ ਪੀਣਾ ਚਾਹੀਦਾ ਹੈ। (੬) ਸੰਗ੍ਰਹਣੀ ਵਾਸਤੇ—ਗੋਕੇ ਮਠੇ ਵਿਚ ਇਕ ਤੋਲਾ ਕਾਲੀ ਮੁਸਲੀ ਪੀਹਕੇ ਪਾ ਦਿਓ ਅਤੇ ਮਠੇ ਦੇ ਨਾਲ ਖਾਣ ਵਾਸਤੇ ਖਿਚੜੀ ਭੀ ਦਿਓ। (੭) ਹੋਰ ਇਲਾਜ—ਮਠੇ ਵਿਚ ਸੁੰਢ ਅਤੇ ਪਿਪਲੀ ਦਾ ਚੂਰਨ ਪਾਕੇ ਪੀਓ, ਸੰਗ੍ਰਹਣੀ ਵਿਚ ਮਠਾ ਪੀਣਾ ਚਾਹੀਦਾ ਹੈ, ਮੱਠਾ ਦੀਪਕ ਗ੍ਰਾਹਕ ਅਤੇ ਹੌਲਾ ਹੈ। (੮) ਮੂੰਗ ਫਲੀ ਕਿੰਨੀ ਹੀ ਖਾ ਲਓ, ਪਰ ਜੇ ਉਤੋਂ ਮੱਠਾ ਪੀ ਲਓ ਤਾਂ ਓਹ ਕੋਈ ਵਿਗਾੜ ਨਹੀਂ ਕਰਦੀ, ਏਸੇ ਤਰਾਂ ਜੇ ਮੂੰਗ ਫਲੀ ਖਾਧਿਆਂ ਅਜੀਰਨ ਹੋ ਜਾਏ ਤਾਂ ਮਠਾ ਪੀਣਾਂ ਲਾਭਦਾਇਕ ਹੈ। ਗੋਕਾ ਘਿਓ ਖਾਣ

ਅਤੇ ਪਚਣ ਵੇਲੇ ਮਿੱਠਾ ਠੰਢਾ ਚਿਰਾਕਾਂ ਪਚਣ ਵਾਲਾ, ਅਗਨੀ ਦੀਪਕ, ਚਿੱਧਾ, ਰਸਾਇਣ, ਭੁਖ ਲਾਉਣ ਵਾਲਾ, ਅੱਖਾਂ ਲਈ ਲਾਭਦਾਇਕ, ਸਰੀਰ ਦੀ ਕ੍ਰਾਂਤੀ ਵਧਾਉਨ ਵਾਲਾ, ਬਾਜੀ ਕਰਣ, ਮੇਧਾ, ਸੁੰਦਰਤਾ, ਤੇਜ ਅਤੇ ਬਲ ਨੂੰ ਵਧਾਉਣ ਵਾਲਾ, ਬੁਢੇਪੇ ਨੂੰ ਦੂਰ ਰੱਖਣ ਵਾਲਾ, ਅਕਲ ਵਧਾਉਣ ਵਾਲਾ, ਵੀਰਜ ਬਹੁਤਾ ਕਰਨ ਵਾਲਾ, ਅਵਾਜ਼ ਚੰਗੀ ਕਰਨ ਵਾਲਾ, ਮਨ ਨੂੰ ਪ੍ਰਸੰਨ ਕਰਨ ਵਾਲਾ, ਆਦਮੀ ਲਈ ਬੜਾ ਲਾਭ ਦਾਇਕ, ਕਿਸੇ ਆਦਮੀ ਨੂੰ ਤਕੜੇ ਕਰਨ ਵਾਲਾ, ਅੱਗ ਨਾਲ ਸੜੇ ਹੋਏ ਦਾ ਘਾਉ (ਜ਼ਖਮ) ਸ਼ਸਤ੍ਰ ਦੇ ਜ਼ਖਮ, ਬਾਤ, ਪਿੱਤ, ਕਫ, ਭ੍ਰਮ, ਜਹਿਰ ਅਤੇ ਤ੍ਰਿਦੋਸ਼ ਦਾ ਨਾਸ ਕਰਨ ਵਾਲਾ ਹੈ, ਜਿਸਨੂੰ ਆਮ ਬੁਖਾਰ (ਨਵਾਂ ਜਾਂ ਬੋਝ ਦਾ ਤਾਪ) ਨਾ ਹੋਵੇ ਓਹਦੇ ਵਾਸਤੇ ਚੰਗਾ ਅਤੇ ਆਮ ਬੁਖਾਰ ਵਾਲੇ ਵਾਸਤੇ ਮੰਦਾ ਹੈ, ਅਰਥਾਤ ਓਸਨੂੰ ਜ਼ਹਿਰ ਵਰਗਾ ਅਸਰ ਕਰਦਾ ਹੈ। ਮੱਖਣ ਨੂੰ ਕਾੜ੍ਹਕੇ ਕਢਿਆ ਹੋਇਆ ਤਾਜਾ ਘਿਉ—ਤ੍ਰਿਪਤੀ ਕਾਰਕ, ਕਮਜੋਰ ਆਦਮੀ ਲਈ ਚੰਗਾ, ਰੋਟੀ ਨੂੰ ਸੁਆਦ ਕਰਨ ਵਾਲਾ, ਅੱਖੀਆਂ ਨੂੰ ਲਾਭ ਪੁਚਾਣ ਵਾਲਾ, ਪਾਂਡੂ, ਕਾਮਲਾ ਵਾਸਤੇ ਚੰਗਾ ਹੈ। ਹੈਜਾ ਅਗਨੀ ਮੰਦ ਵਾਲੇ, ਬੱਚੇ ਬੁਢੇ ਖਈ ਰੋਗ ਵਾਲੇ ਆਮ ਰੋਗੀ, ਕਫ ਰੋਗੀ, ਮਦਾਤਜ ਵਾਲੇ, ਕਬਜ ਅਤੇ ਤਾਪ ਵਾਲੇ ਨੂੰ ਘਿਉ ਘਟ ਦੇਣਾਂ ਚਾਹੀਦਾ ਹੈ। ਪੁਰਾਣਾ ਘਿਉ—ਤ੍ਰਿਖਾ, ਦਸਤ, ਕੈ ਲਿਆਉਣਵਾਲਾ, ਖੱਟਾ, ਹੌਲਾ ਕੌੜਾ, ਸ੍ਰੀਰ ਦਾ ਰੰਗ ਚੰਗਾ ਕਰਨ ਵਾਲਾ, ਛੇਦਨ ਅਤੇ ਲੇਖਨ (ਸ੍ਰੀਰ ਖੋਚਣ)

ਕਰਨ ਵਾਲਾ, ਰੋਮ ਕੂਪਾਂ ਨੂੰ ਵਧਾਉਣ ਵਾਲਾ, ਅਗਨੀ ਦੀਪਕ, ਵਰਣਸ਼ੋਧਕ, ਫੱਟ ਭਰਨ ਵਾਲਾ, ਗੋਲਾ, ਮੱਥੇ ਦੇ ਰੋਗ, ਅੱਖੀਆਂ ਦੇ ਰੋਗ, ਸ਼ੋਥ, ਮਿਰਗੀ, ਨਸ਼ਾ, ਬੇਹੋਸ਼ੀ, ਤਾਪ, ਦਮਾਂ, ਖੰਘ, ਸੰਗ੍ਰਹਣੀ, ਬਵਾਸੀਰ ਪੀਨਸ, ਕੋੜ੍ਹ, ਉਨਮਾਦ, ਕੀੜੇ, ਜਹਿਰ, ਆਲਸ ਅਤੇ ਤ੍ਰਿਦੋਸ਼ ਦਾ ਨਾਸ ਕਰਨ ਵਾਲਾ ਹੈ। ਇਹ ਨਾਸ ਲੈਣ ਅਤੇ ਪਿਚਕਾਰੀ ਕਰਨ ਲਈ ਪ੍ਰਸਿਧ ਹੈ। ਦਸ ਵਰਹੇ ਤਕ ਦਾ ਘਿਉ ਪੁਰਾਣਾ ਸਮਝਿਆ ਜਾਂਦਾ ਹੈ। ਦਸ ਵਰਹੇ ਤੋਂ ਪਿਛੋਂ ਸੌ ਵਰਹੇ ਅਤੇ ਹਜਾਰ ਵਰਹੇ ਤਕ ਦਾ ਘਿਉ ਕੌਂਭ ਕਹਾਉਂਦਾ ਹੈ, ਉਸ ਤੋਂ ਵੀ ਪੁਰਾਣੇ ਘਿਉ ਨੂੰ ਮਹਾਂ ਘ੍ਰਿਤ ਕਹਿੰਦੇ ਹਨ। ਇਹ ਜਿੰਨਾਂ ਪੁਰਾਣਾਂ ਹੋਵੇ ਬਾਹਰ ਵਰਤਨ ਨੂੰ ਓਨਾਂ ਹੀ ਵਧ ਲਾਭ ਦਾਇਕ ਹੁੰਦਾ ਹੈ। ਸ਼ਤਧੌਤ ਘ੍ਰਿਤ—ਘਿਉ ਨੂੰ ਸੌ ਵਾਰ ਪਾਣੀ ਨਾਲ ਧੋ ਕੇ ਲਾਇਆਂ ਦਾਹ ਅਤੇ ਬੇਹੋਸ਼ੀ ਦਾ ਤਾਪ ਮਿਟਦਾ ਹੈ, ਹੋਰ ਗੁਣ ਦੁਧ ਦੇ ਸਮਾਨ ਹਨ, ਮੱਖਣ, ਘਿਓ ਅਤੇ ਦਹੀਂ ਆਦਿ ਗਊ ਦਾ ਉੱਤਮ ਅਤੇ ਬੱਕਰੀ ਦਾ ਮਾੜਾ ਹੁੰਦਾ ਹੈ।

(੧) ਅੱਧੇ ਸਿਰ ਦੀ ਦਰਦ ਤੇ ਗੋਕਾ ਤਾਜਾ ਘਿਉ ਸਵੇਰਸਾਰ ਅਤੇ ਸੰਧਿਆ ਵੇਲੇ ਨੱਕ ਵਿਚ ਪਾਕੇ ਉਤਾਹਾਂ ਨੂੰ ਖਿੱਚਣ ਨਾਲ ਸੱਤਾਂ ਦਿਨਾਂ ਵਿਚ ਅੱਧੇ ਸਿਰ ਦੀ ਪੀੜ ਬਿਲਕੁਲ ਹਟਜਾਂਦੀ ਹੈ। (੨) ਨੱਕ ਵਿਚੋਂ ਲਹੂ ਵਗਦਾ ਹੋਵੇ ਤਾਂ ਗਊ ਦਾ ਤਾਜਾ ਘਿਓ ਨੱਕ ਵਿਚ ਪਾਓ। (੩) ਪਿੱਤ (ਗਰਮੀ) ਨਾਲ ਸਿਰ ਦੁਖਦਾ ਹੋਵੇ ਤਾਂ ਗਊ ਦੇ ਤਾਜ਼ੇ ਘਿਉ ਦੀ ਮੱਥੇ ਤੇ ਮਾਲਸ਼ ਕਰੋ।

(੪) ਹੱਥਾਂ ਪੈਰਾਂ ਵਿਚ ਸੜਨ ਹੋਵੇ ਤਾਂ ਗੋਕਾ ਘਿਉ ਮਲਨ ਨਾਲ ਹਟ ਜਾਂਦੀ ਹੈ। (੫) ਤਾਪ ਜਾਂ ਕਿਸੇ ਹੋਰ ਕਾਰਨ ਕਰਕੇ ਕਿਸੇ ਅੰਗ ਵਿਚ ਸੜਨ ਹੋਵੇ ਤਾਂ ਸੌ ਵਾਰ ਜਾਂ ਹਜ਼ਾਰ ਵਾਰ ਠੰਢੇ ਜਲ ਨਾਲ ਧੋਤਾ ਹੋਯਾ ਘਿਉ ਮਲਨਾ ਚਾਹੀਦਾ ਹੈ। (੬) ਸੰਖੀਏ ਧਤੂਰੇ ਜਾਂ ਰਸਕਪੂਰ ਦਾ ਜ਼ਹਿਰ ਚੜ੍ਹਗਿਆ ਹੋਵੇ ਤਾਂ ਬਹੁਤਸਾਰਾ ਗੋਕਾ ਘਿਉ ਪਿਆਇਆਂ ਲਹਿ ਜਾਂਦਾ ਹੈ। (੭) ਸ਼ਰਾਬ ਦਾ ਨਸ਼ਾ ਬਹੁਤਾ ਚੜ੍ਹਗਿਆ ਹੋਵੇ ਤਾਂ ਦੋ ਤੋਲੇ ਗੋਕੇ ਘਿਉ ਵਿਚ ਏਨੀਂ ਹੀ ਖੰਡ ਰਲਾਕੇ ਦਿਓ। (੮) ਗਰਭਣੀ ਇਸਤ੍ਰੀ ਨੂੰ ਲਹੂ ਆਉਂਦਾ ਹੋਵੇ ਤਾਂ ਗਊ ਦਾ ਸੌ ਵਾਰ ਧੋਤਾ ਹੋਯਾ ਘਿਓ ਸਰੀਰ ਉਤੇ ਮਲੋ। (੯) ਚੌਥੀਏ ਤਾਪ ਉਨਮਾਦ ਅਤੇ ਮਿਰਗੀ ਦੇ ਰੋਗ ਵਾਸਤੇ ਗੋਕੇ ਦੁਧ ਵਿਚ ਗੋਕਾ ਘਿਉ ਦਹੀਂ ਅਤੇ ਗੋਹੇ ਦਾ ਪਾਣੀਂ ਪਾ ਕੇ ਕਾੜ੍ਹਨਾ ਅਤੇ ਕੇਵਲ ਘਿਉ ਰਹਿਜਾਣ ਪਰ ਪੁਣਕੇ ਪਿਆਉਂਣਾ ਚਾਹੀਦਾ ਹੈ (੧੦) ਅਗ ਨਾਲ ਸੜਕੇ ਜ਼ਖਮ ਹੋਗਿਆ ਹੋਵੇ ਤਾਂ ਗੋਕਾ ਘਿਉ ਲਾਓ। (੧੧) ਅੱਖਾਂ ਲਾਲ ਹੋ ਗਈਆਂ ਹੋਣ ਤਾਂ ਗੋਕਾ ਘਿਉ ਅਤੇ ਸ਼ਹਿਤ ਰਲਾਕੇ ਅੱਖਾਂ ਵਿਚ ਪਾਓ। (੧੨) ਬਚਿਆਂ ਦੀ ਛਾਤੀ ਵਿਚ ਕਫ ਜੰਮ ਗਈ ਹੋਵੇ ਤਾਂ ਛਾਤੀ ਉਤੇ ਗੋਕੇ ਘਿਉ ਦੀ ਐਸਤਰਾਂ ਮਾਲਸ਼ ਕਰੋ ਕਿ ਓਹ ਮੁਕ ਜਾਵੇ। (੧੩) ਸਰੀਰ ਵਿਚ ਗਰਮੀ ਖਿੱਲਰ ਜਾਣ ਨਾਲ ਲਹੂ ਵਿਗੜ ਕੇ ਸਰੀਰ ਉਤੇ ਲਾਲ ੨ ਦਾਗ ਜਾਂ ਫੋੜੇ ਜੇਹੇ ਉਗ ਪੈਂਦੇ ਹਨ ਅਤੇ ਕਾਲੇ ਹੋ ਜਾਂਦੇ ਹਨ, ਫੇਰ ਕੁਝ ਸਮਾਂ ਪਾ ਕੇ ਓਹੋ ਫੋੜੇ ਗੰਢਾਂ ਜੇਹੀਆਂ ਹੋਕੇ ਫੁੱਟ ਨਿਕ-

ਲਦੇ ਹਨ, ਓਹਨਾਂ ਉਤੇ ਗਊ ਦਾ ਸੌ ਵਾਰ ਧੋਤਾ ਹੋਇਆ ਘਿਉ ਲਾਉਂਣਾ ਬਹੁਤ ਗੁਣਕਾਰੀ ਹੁੰਦਾ ਹੈ । ਓਸਦੀ ਤਰਕੀਬ ਏਹ ਹੈ ਕਿ ਪਹਿਲੇ ਜੋਕਾਂ ਲਾ ਕੇ ਵਿਗੜਿਆ ਲਹੂ ਕਢਾ ਸੁਟੇ। ਫੇਰ ਗੋਕਾ ਅਥਵਾ ਅੱਧਾ ਗੋਕਾ ਅਤੇ ਅੱਧਾ ਬਕਰੀ ਦਾ ਰਲਿਆ ਹੋਇਆ ੧੦ ਤੋਲੇ ਘਿਉ ਲੈਕੇ ਪਿੱਤਲ ਦੀ ਪਰਾਤ ਵਿਚ ਪਾਣੀ ਪਾਕੇ ਓਸ ਘਿਉ ਨੂੰ ਹਥ ਨਾਲ ਚੰਗੀਤਰਾਂ ਫਿੰਡਣਾ, ਫੇਰਪਾਣੀ ਡੋਲ੍ਹ ਦੇਣਾ, ਫੇਰ ਦੂਜੀ ਵਾਰੀ ਹੋਰ ਪਾਣੀ ਪਾ ਕੇ ਓਸ ਪਾਣੀ ਵਿਚ ਘਿਉ ਨੂੰ ਚੰਗੀਤਰਾਂ ਮਲਣਾ, ਫੇਰ ਪਾਣੀ ਡੋਲ ਦੇਣਾ, ਏਸਤਰਾਂ ਸੌ ਵਾਰੀ ਪਾਣੀ ਪਾਕੇ ਉਸ ਘਿਉ ਨੂੰ ਧੋਣਾਂ!ਏਸ ਸੌ ਵਾਰ ਧੋਤੇ ਹੋਏ ਘਿਉ ਵਿਚ ਢਾਈ ਤੋਲੇ ਫਟਕੜੀ ਦੀ ਖਿੱਲ ਪੀਹਕੇ ਪਾਦੇਣੀ ਅਤੇ ਓਸ ਨੂੰ ਖਰਲ ਵਿਚ ਘੋਟਕੇ ਮਿੱਟੀ ਦੇ ਭਾਂਡੇ ਵਿਚ ਪਾ ਦੇਣਾ, ਏਸ ਨੂੰ ਰੋਜ ਸੌਣ ਵੇਲੇ ਹਥਾਂ ਪੈਰਾਂ ਦੀਆਂ ਤਲੀਆਂ ਨੂੰ ਅਤੇ ਜਿਥੇ ੨ ਦਾਗ ਜਾਂ ਫੋੜੇ ਹੋਣ ਓਹਨਾਂ ਉਤੇ ਚੰਗੀਤਰਾਂ ਮਲ ਮਲਕੇ ਮਾਲਸ਼ ਕਰਨੀ। ਏਸ ਨਾਲ ਸਰੀਰ ਦੇ ਅੰਦਰ ਦੀ ਗਰਮੀ ਮਿਟਦੀ ਹੈ ਅਤੇ ਕੁਝ ਦਿਨਾਂ ਵਿਚ ਲਹੂ ਸਾਫ ਹੋਕੇ ਓਹ ਵਿਕਾਰ ਮਿਟ ਜਾਂਦੇ ਹਨ।(੧੪) ਤ੍ਰਿਖਾ ਵਾਸਤੇ ਗੋਕਾ ਦੁਧ ਅਤੇ ਘਿਉ ਰਲਾਕੇ ਪਿਆਉਂਣਾ ਚਾਹੀਦਾ ਹੈ (੧੫)ਦਾਹ ਵਾਸਤੇ ਗੋਕਾ ਘਿਉ ਸੌ ਵਾਰ ਜਾਂ ਹਜਾਰਵਾਰ ਧੋਕੇ ਸਰੀਰ ਉਤੇ ਮਲੋ। (੧੬) ਹਿੜਕੀ ਵਾਸਤੇ ਗੋਕਾ ਘਿਉ ਕੁਝ ਗਰਮ ਕਰਕੇ ਪਿਆਵੋ। (੧੭) ਤ੍ਰਿਦੋਸ਼ ਨਾਲ ਪੈਦਾ ਹੋਏ ਵਿਸਰਪ ਰੋਗ ਉਤੇ ਗਊ ਦਾ ਸੌ ਵਾਰ ਧੋਤਾ ਹੋਇਆ ਘਿਉ ਘੜੀ ਘੜੀ ਲਾਉਂਣ ਨਾਲ ਅਰਾਮ ਆ ਜਾਂਦਾ